

ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ

1 306 520 4313

ਮੁੱਖ ਦਫਤਰ: 1 403 640 2000

The Punjabi Newspaper

ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Chief Editor : Harbans Buttar

Vol: 13 No: 304 Website : www.punjabiakhbaar.ca Email: editor@punjabiakhbaar.ca Friday, 20 Nov. to 4 Dec., 2026



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਐਨ ਡੀ ਪੀ ਸਾਸਕ ਦੇ ਸਾਲਾਨਾ ਸਮਾਰੋਹ ਮੌਕੇ ਪਾਰਟੀ ਲੀਡਰ ਕਾਰਲਾ ਬੇਕ ਨੇ ਪਾਰਟੀ ਵਰਕਰਾਂ ਨੂੰ ਸੰਬੋਦਨ ਹੁੰਦਿਆਂ ਆਖਿਆ ਕਿ ਸਸਕੈਚਵਨ ਵਿੱਚ ਇੱਕ 'ਨਿਊ ਡੈਮੋਕ੍ਰੇਟ' ਹੋਣ ਦੇ ਨਾਤੇ, ਇਹ ਸੱਚਮੁੱਚ ਬਹੁਤ ਉਤਸ਼ਾਹਜਨਕ ਸਮਾਂ ਹੈ!ਤੁਸੀਂ ਜਾਣਦੇ ਹੋ, ਕੁਝ ਸਮਾਂ ਪਹਿਲਾਂ ਹੀ—ਅਤੇ ਜਿੱਥੇ ਮੈਂ ਇਸ ਵੇਲੇ ਹਾਂ, ਉਸ ਤੋਂ ਬਹੁਤੀ ਦੂਰ ਨਹੀਂ, ਸਾਡੀ 15 ਸਾਲਾਂ ਤੋਂ ਵੱਧ ਸਮੇਂ ਵਿੱਚ ਇੱਕ ਵਾਰ ਫਿਰ ਇੱਕ ਅਜਿਹੀ ਸਿਆਸੀ ਤਾਕਤ ਬਣ ਗਈ ਹੈ ਜਿਸਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਹ ਤੁਹਾਡੇ ਸਮਰਪਣ ਅਤੇ ਉਸ ਸਖ਼ਤ ਮਿਹਨਤ ਦਾ ਨਤੀਜਾ ਹੈ ਜੋ ਅਸੀਂ ਮਿਲ ਕੇ ਕੀਤੀ ਹੈ! ਅਸੀਂ ਸਾਰੇ ਮਿਲ ਕੇ ਇਸ ਸੂਬੇ ਦੇ ਲੋਕਾਂ ਨੂੰ ਦਿਖਾ ਰਹੇ ਹਾਂ—ਕਿ ਇਹ ਟੀਮ ਅਗਲੀ ਚੋਣ ਜਿੱਤਣ ਲਈ ਬੇਤਾਬ ਹੈ।ਅਸੀਂ ਚਾਹੁੰਦੇ ਹਾਂ ਕਿ ਚੋਣਾਂ ਜਲਦੀ ਤੋਂ ਜਲਦੀ ਆਉਣ।

- ਅਸੀਂ ਪਹਿਲਾਂ ਹੀ ਰਿਕਾਰਡ ਗਿਣਤੀ ਵਿੱਚ ਲੋਕਾਂ ਦੇ ਘਰਾਂ ਦੇ ਦਰਵਾਜ਼ੇ ਖੜਕਾਏ ਹਨ।
- ਅਸੀਂ ਫੰਡ ਇਕੱਠਾ ਕਰਨ ਦੇ ਮਾਮਲੇ ਵਿੱਚ ਹੁਣ ਤੱਕ ਦੇ ਸਭ ਤੋਂ ਵਧੀਆ ਸਾਲ ਵੱਲ ਵਧ ਰਹੇ ਹਾਂ!
- ਇਸ ਸੰਮੇਲਨ ਵਿੱਚ ਮੌਜੂਦ ਜੋਸ਼ ਦੱਸਦਾ ਹੈ ਕਿ ਤੁਸੀਂ ਵੀ ਪੂਰੀ ਤਰ੍ਹਾਂ ਉਤਸ਼ਾਹਿਤ ਹੋ। ਸਾਡੇ ਸੂਬੇ ਦੀ ਹੋਣ ਵਾਲੀ ਚੋਣ ਸਭ ਤੋਂ ਮਹੱਤਵਪੂਰਨ ਚੋਣ ਹੋਵੇਗੀ। ਅਸੀਂ ਪਿਛਲੀ ਚੋਣ ਅਤੇ ਅਗਲੀ ਚੋਣ ਦੇ ਵਿਚਕਾਰਲੇ ਪੜਾਅ 'ਤੇ ਖੜ੍ਹੇ ਹਾਂ। ਹਾਲਾਂਕਿ ਮੈਨੂੰ ਉਸ ਕੰਮ 'ਤੇ ਬਹੁਤ ਮਾਣ ਹੈ ਜੋ ਅਸੀਂ 'ਅਧਿਕਾਰਤ ਵਿਰੋਧੀ ਧਿਰ' ਵੱਜੋਂ ਕਰ ਰਹੇ ਹਾਂ ।ਸਾਡਾ ਇਰਾਦਾ ਹੁਣ ਹੋਰ ਜ਼ਿਆਦਾ ਦੇਰ ਤੱਕ ਵਿਰੋਧੀ ਧਿਰ ਵਿੱਚ ਰਹਿਣ ਦਾ ਨਹੀਂ ਹੈ। ਜੇਕਰ ਸਾਨੂੰ ਇਸ ਸੂਬੇ ਦੇ ਲੋਕਾਂ ਵੱਲੋਂ ਜਿਸ ਨਾਲ ਅਸੀਂ ਸਾਰੇ ਪਿਆਰ ਕਰਦੇ ਹਾਂ—ਸਰਕਾਰ ਬਣਾਉਣ ਦਾ ਮਾਣ ਦਿੱਤਾ ਜਾਂਦਾ ਹੈ।।।ਤਾਂ ਅਸੀਂ ਉਸ ਬਦਲਾਅ ਨੂੰ ਲਿਆਉਣ ਵਿੱਚ ਇੱਕ ਸਕਿੰਟ ਵੀ ਬਰਬਾਦ ਨਹੀਂ ਕਰਨਾ ਚਾਹੁੰਦੇ, ਜਿਸ ਦੀ ਉਮੀਦ ਸਸਕੈਚਵਨ ਦੇ ਬਹੁਤ ਸਾਰੇ ਲੋਕ ਕਰ ਰਹੇ ਹਨ।

ਬੇਸ਼ੱਕ, ਚੋਣ ਜਿੱਤਣਾ ਸਸਕੈਚਵਨ ਦੇ ਲੋਕਾਂ ਲਈ ਕੰਮ ਕਰਨ ਦੇ ਰਾਹ 'ਤੇ ਪਹਿਲਾ ਮਹੱਤਵਪੂਰਨ ਕਦਮ ਹੈ।

ਬਾਕੀ ਸਫ਼ਾ 22 'ਤੇ















ਮੇਰੀ ਜਿੰਦ ਦਾ ਖਿਡੌਣਾ ਹੀਰੇ ਲੈ ਜਾ ਕਦੇ ਕਦੇ ਖੇਡ ਲਿਆ ਕਰੀਂ

ਕੈਲਗਰੀ ਸੰਗੀਤ ਕਲਾ ਮੰਚ ਨੇ ਦੀਵਾ਼ਲੀ ਮੌਕੇ ਸੰਗੀਤ ਦੇ ਦੀਵੇ ਬਾ਼ਲੇ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਸੰਗੀਤ ਕਲਾ ਮੰਚ ਦੀ ਮੀਟਿੰਗ ਮੌਕੇ ਬੰਦੀਛੋੜ ਦਿਵਸ ਅਤੇ ਦੀਵਾ਼ਲੀ ਦੀਆਂ ਵਧਾਈਆਂ ਸਾਂਝੀਆਂ ਕੀਤੀਆਂ ਗਈਆਂ। ਫਿਰ ਦੀਵਿਆਂ ਦੀ ਥਾਂ ਗੀਤਾਂ ਦੀਆਂ ਲੜੀਆਂ ਨੇ ਰੂਹਾਂ ਨੂੰ ਰੌਸ਼ਨ ਕੀਤਾ। ਸੁਖਦੇਵ ਰੱਤੂ ਨੇ ਸੂਫ਼ੀਆਨਾ ਕਲਾਮ ਪੇਸ਼ ਕੀਤੇ ਅਤੇ ਫਿਰ ਸ਼ਿਵ ਦਾ ਗੀਤ ਗਾ ਕੇ ਮਾਹੌਲ ਸੋਗੀ ਬਣਾ ਦਿੱਤਾ। ਬਿੱਟੂ ਸੰਸਾਰਪੁਰੀਆ ਨੇ ਮਸੀਹੀ ਭਜਨ ਗਾਇਆ। ਡਾ: ਮਨਮੋਹਨ ਬਾਠ ਨੇ ਕਮਾਲ ਦੀ ਗਾਇਕੀ ਦਾ ਮੁਜ਼ਾਹਰਾ ਕੀਤਾ । ਰੌਸ਼ਨ ਭੱਟੀ ਨੇ ਜਦੋਂ ਵਜਦ ਵਿਚ ਆ ਕੇ ਅੱਖਾਂ ਮੀਚ ਕੇ ਸਾਜ਼ਾਂ ਦੀਆਂ ਸੁਰਾਂ ਨਾ਼ਲ ਸੁਰ ਮਿਲਾ ਕੇ ਗੀਤ ਪੇਸ਼ ਕੀਤੇ ਤਾਂ ਦਰਸ਼ਕ ਦੰਗ ਰਹਿ ਗਏ। ਜਦੋਂ ਉਹਨਾਂ - ਮੇਰੀ ਜਿੰਦ ਦਾ ਖਿਡੌਣਾ ਹੀਰੇ ਲੈ ਜਾ ਕਦੇ ਕਦੇ ਖੇਡ ਲਿਆ ਕਰੀਂ - ਗਾਇਆ ਤਾਂ ਦਰਸ਼ਕ ਜਿਵੇਂ ਕੀਲੇ ਹੀ ਗਏ। ਸੁਰਿੰਦਰ ਢਿੱਲੋਂ ਨੇ 1971 ਦੀ ਫ਼ਿਲਮ 'ਦੁਨੀਆਂ ਪੈਸੇ ਦੀ' ਦਾ ਗੀਤ ਪੇਸ਼ ਕਰ ਕੇ ਉਹੀ ਸੀਨ ਸਾਕਾਰ ਕਰ ਦਿੱਤਾ। - ਚੱਲ ਚੱਲੀਏ ਦੁਨੀਆਂ ਦੀ ਉਸ ਨੁੱਕਰੇ ਜਿੱਥੇ ਬੰਦਾ ਨਾ ਬੰਦੇ ਦੀ ਜ਼ਾਤ ਹੋਵੇ। ਜਗਦੇਵ ਸਿੱਧੂ ਨੇ ਗੀਤ ਵਿੱਚ ਟੱਪ-ਟੱਪ ਦੀ ਆਵਾਜ਼ ਨੂੰ ਟਾਂਗੇ ਦੇ ਘੋੜੇ ਦੀ ਟਾਪ ਪੈਦਾ ਕਰਨ ਦੀ ਜੁਗਤ ਵੱਲ ਧਿਆਨ ਦਿਵਾਇਆ। ਜਤਿੰਦਰ ਕੈਂਥ ਨੇ ਇਸ ਗੀਤ ਦੀ ਪੇਸ਼ਕਾਰੀ ਰਾਹੀਂ ਆਪਣੀ ਗਾਇਕੀ ਨੂੰ ਸਿਖਰ 'ਤੇ ਪੁਚਾਇਆ - ਵੋਹ ਜਬ ਯਾਦ ਆਏ ਬਹੁਤ ਯਾਦ ਆਏ। ਰਾਜਿੰਦਰ ਭੱਲਾ ਦੀ ਗਾਇਕੀ ਦਾ ਆਪਣਾ ਰੰਗ ਸੀ - ਮਾਨਾ ਜਨਾਬ ਨੇ ਪੁਕਾਰਾ ਨਹੀਂ। ਜਸਵੀਰ ਸਿਹੋਤਾ ਨੇ ਇਸ ਗੀਤ ਰਾਹੀਂ ਚੰਗਾ ਸਿਖਾਂਦਰੂ ਹੋਣ ਦਾ ਸਬੂਤ ਦਿੱਤਾ - ਜੋ ਤੁਮ ਕੋ ਹੋ ਪਸੰਦ ਵਹੀ ਬਾਤ ਕਹੇਂਗੇ। ਜਰਨੈਲ ਤੱਗੜ ਨੇ ਇਸ ਨਿਵੇਕਲੀ ਸੰਸਥਾ ਦੇ ਵਧਣ-ਫੁੱਲਣ ਦੀ ਕਾਮਨਾ ਕੀਤੀ। ਸੁਰਿੰਦਰ ਢਿੱਲੋਂ ਨੂੰ ਗੀਤ ਸੰਗੀਤ ਦੀਆਂ ਬਾਰੀਕੀਆਂ ਬਾਰੇ ਸਮਝ ਹੈਰਾਨ ਕਰਨ ਵਾਲੀ ਹੈ। ਉਸ ਨੇ ਕਲਾਕਾਰਾਂ ਤੇ ਸਾਜ਼ਿੰਦਿਆਂ ਦੀ ਸ਼ਲਾਘਾ ਕੀਤੀ, ਸਾਊਂਡ ਸਿਸਟਮ ਦੀ ਅਹਿਮੀਅਤ ਬਾਰੇ ਉਸਾਰੂ ਨੁਕਤੇ ਦਿੱਤੇ, ਜਿਵੇਂ ਸਾਜ਼ਾਂ ਦੀ ਆਵਾਜ਼ ਹਾਲ ਦੇ ਆਕਾਰ ਅਨੁਕੂਲ ਹੋਣਾ, ਸਾਊਂਡ ਮਿਕਸਰ ਦੇ ਉਪਰੇਟਰ ਦਾ ਮਾਹਿਰ ਹੋਣਾ ਆਦਿ। ਉਸ ਨੇ ਰੀਹਰਸਲ ਅਤੇ ਰਿਆਜ਼ ਦੋਵਾਂ ਦੀ ਲੋੜ ਬਾਰੇ ਸੁਚੇਤ ਕੀਤਾ। ਸਾਰਾ ਸਮਾਂ ਦਰਸ਼ਕ ਸੰਗੀਤ ਦੀ ਦੁਨੀਆਂ ਵਿਚ ਗੁਆਚੇ ਰਹੇ। ਬਿੱਟੂ ਸੰਸਾਰਪੁਰੀਆ, ਸੁਖਦੇਵ ਰੱਤੂ, ਰੌਸ਼ਨ ਭੱਟੀ, ਰਾਜਿੰਦਰ ਭੱਲਾ, ਪ੍ਰਤਾਪ ਘਈ ਅਤੇ ਅਸ਼ੋਕ ਸੱਗੂ ਨੇ ਸਾਜ਼ਿੰਦਿਆਂ ਵਜੋਂ ਵੀ ਆਪਣੇ ਹੁਨਰ ਵਿਖਾਏ। ਬਿੱਟੂ ਸੰਸਾਰਪੁਰੀਆ ਨੇ ਖਾਣ-ਪੀਣ ਅਤੇ ਚਾਹ-ਪਾਣੀ ਦਾ ਵਧੀਆ ਪ੍ਰਬੰਧ ਕੀਤਾ। ਜਸਵੰਤ ਸਿੰਘ ਕਪੂਰ ਨੇ ਪ੍ਰੋਗਰਾਮ ਨੂੰ ਕੈਮਰਾ-ਬੰਦ ਕੀਤਾ। ਅਵਤਾਰ ਕੌਰ ਤੱਗੜ, ਮਨਜੀਤ ਕੌਰ ਕਪੂਰ, ਨਿਸ਼ਾ, ਅਮਰਦੀਪ, ਬਾਨਾਜ ਨੇ ਰੌਣਕ ਵਧਾਈ। ਅਖੀਰ ਵਿਚ ਹਰਮਿੰਦਰਪਾਲ ਸਿੰਘ ਨੇ ਦੀਵਾ਼ਲੀ ਦੇ ਰੁਝੇਵੇਂ ਦੇ ਬਾਵਜੂਦ ਸ਼ਮੂਲੀਅਤ ਕਰਨ ਲਈ ਸਾਰਿਆਂ ਦਾ ਦਿਲੋਂ ਧੰਨਵਾਦ ਕੀਤਾ। ਸਕੱਤਰ ਹਰਮਿੰਦਰਪਾਲ ਸਿੰਘ ਨੇ ਕਾਰਵਾਈ ਵੀ ਚਲਾਈ, ਨਾ਼ਲ ਹੀ ਦੋ ਗੀਤ ਅਤੇ ਇੱਕ ਗ਼ਜ਼ਲ ਪੇਸ਼ ਕਰ ਕੇ ਪਰਪੱਕ ਗਾਇਕੀ ਦਾ ਸਬੂਤ ਦਿੱਤਾ - ਰੋਗ ਲੱਭਾ ਨਈਂ ਤਬੀਬਾ ਤੈਨੂੰ ਮੇਰਾ ਦਵਾਈਆਂ ਦੇ ਕੇ ਸਾਡ ਛੱਡਿਆ, ਗ਼ਜ਼ਲ ਸੀ - ਪੀੜ ਤੇਰੇ ਜਾਣ ਦੀ ਕਿੱਦਾਂ ਜਰਾਂਗਾ ਮੈਂ। ਜਦੋਂ ਉਸ ਨੇ ਉੱਚੀ ਸੁਰ ਵਿੱਚ ਗਾਇਆ - ਸਾਈਂ - ਸਾਈਂ, ਮੇਰੀ ਫ਼ਰਿਆਦ ਤੇਰੇ ਤਾਈਂ - ਤਾਂ ਉਸ ਦੀ ਆਵਾਜ਼ ਸਾਈਂ ਤਕ ਜ਼ਰੂਰ ਪਹੁੰਚੀ ਹੋਵੇਗੀ।।



ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220



ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ

App Store

Play Store



ਦੀਵਾਲੀ ਮੌਕੇ ਦੀਵੇ ਬਾਲਣ ਦੀ ਬਜਾਏ ਮਨਾਂ ਅੰਦਰ ਰੌਸ਼ਨੀ ਕਰਨ ਦੀ ਲੋੜ : ਪਲਾਹਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 9 ਨਵੰਬਰ ਨੂੰ ਪੈਨੋਰਾਮਾ ਕਮਿਊਨਿਟੀ ਸੈਂਟਰ ਵਿੱਚ ਹੋਈ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਵਿਸ਼ਵਕਰਮਾ ਦਿਵਸ, ਬੰਦੀਛੋੜ ਦਿਵਸ ਅਤੇ ਦੀਵਾਲੀ ਦੀਆਂ ਵਧਾਈਆਂ ਸਾਂਝੀਆਂ ਕਰਦਿਆਂ ਕਿਹਾ ਕਿ ਬਾਹਰ ਦੀਵੇ ਬਾਲਣ ਦੀ ਬਜਾਏ ਮਨਾਂ ਅੰਦਰ ਗਿਆਨ, ਸੂਝ ਅਤੇ ਦਯਾ ਦੀ ਰੌਸ਼ਨੀ ਕਰਨ ਦੀ ਜ਼ਰੂਰਤ ਹੈ। ਰੀਮੈਂਬਰੈਂਸ ਡੇ ਦੀ ਗੱਲ ਕਰਦਿਆਂ ਕਿਹਾ ਕਿ ਅੱਜ ਵੀ ਦੁਨੀਆਂ ਅੰਦਰ ਜੰਗਾਂ ਅਤੇ ਲੜਾਈਆਂ ਵਿੱਚ ਹਜ਼ਾਰਾਂ ਮਾਸੂਮ ਮਾਰੇ ਜਾ ਰਹੇ ਹਨ, ਇੱਥੋਂ ਤਕ ਕਿ ਕੌਮਾਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ। ਇਨ੍ਹਾਂ ਮਾਸੂਮਾਂ ਪ੍ਰਤੀ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਸੁਰਿੰਦਰਜੀਤ ਪਲਾਹਾ ਨੇ ਅਮਰੀਕਾ ਵਿੱਚ ਹੁਣੇ ਹੋਈਆਂ ਚੋਣਾਂ ਸਮੇਂ ਡੋਨਲਡ ਟਰੰਪ ਦੀ ਰੀਪਬਲੀਕਨ ਪਾਰਟੀ ਨੂੰ ਹੋਈ ਲੱਕ-ਤੋੜਵੀਂ ਹਾਰ ਉੱਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਤੇ ਉਮੀਦ ਜ਼ਾਹਿਰ ਕੀਤੀ ਕਿ ਹੁਣ ਦੁਨੀਆਂ ਦੇ ਸ਼ਾਂਤੀ ਪਸੰਦ ਲੋਕਾਂ ਨੂੰ ਸੁਖ ਦਾ ਸਾਹ ਆਵੇਗਾ। ਉਨ੍ਹਾਂ ਨੇ ਕੈਨੇਡਾ ਵਿੱਚ ਮਨਾਏ ਜਾ ਰਹੇ ਮੇਟੀ - ਸਪਤਾਹ ਬਾਰੇ ਸੰਖੇਪ ਵਿੱਚ ਕਿਹਾ ਕਿ 16 ਨਵੰਬਰ ਨੂੰ ਮੇਟੀ ਆਗੂ ਸ਼ਹੀਦ ਲੂਈ ਰੀਐਲ ਦੀ 141ਵੀਂ ਬਰਸੀ ਹੈ ਜਿਸ ਨੂੰ ਮੈਨੀਟੋਬਾ ਦਾ ਬਾਨੀ ਅਤੇ ਕੈਨੇਡੀਅਨ ਫੈਡਰੇਸ਼ਨ ਦਾ ਪਿਤਾਮਾ ਮੰਨਿਆਂ ਗਿਆ ਹੈ। ਸੁਰਿੰਦਰਜੀਤ ਪਲਾਹਾ ਨੇ ਕਿਹਾ ਕਿ ਸਾਰੇ ਧਰਮ-ਗ੍ਰੰਥ ਪਵਿੱਤਰ ਹਨ, ਇਨ੍ਹਾਂ ਦੁਆਰਾ ਮਾਨਵਤਾ ਦੇ ਭਲੇ ਲਈ ਦਿੱਤੇ ਸੰਦੇਸ਼ ਨੂੰ ਅਪਨਾਉਣਾ ਚਾਹੀਦਾ ਹੈ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਇੱਕ ਚੁਟਕਲਾ ਵੀ ਸੁਣਾਇਆ। ਡਾ: ਭਗਤ ਸਿੰਘ ਅਟਵਾਲ ਨੇ ਕੰਪਿਊਟਰ ਦੇ ਇਤਿਹਾਸ ਅਤੇ ਇੰਟਰਨੈਂਟ ਬਾਰੇ ਵਿਸਥਾਰ ਵਿੱਚ ਅਤੇ ਮਸਨੂਈ ਬੁੱਧੀ (ਏ ਆਈ।) ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ। ਇੰਜੀਨੀਅਰ ਤਰਜੀਤ ਲਾਲੀ ਨੇ ਡਾਟਾ ਸੈਂਟਰ ਬਾਰੇ ਕੁੱਝ ਤਕਨੀਕੀ ਵੇਰਵੇ ਦਿੱਤੇ। ਡਾ: ਹਰਿੰਦਰ ਸਿੰਘ ਕੋਹਲੀ ਨੇ ਸੰਜੇ ਗੁਪਤਾ ਦੀ ਪੁਸਤਕ 'ਕੀਪ ਸ਼ਾਰਪ' ਵਿੱਚੋਂ ਹਵਾਲੇ ਦੇ ਕੇ ਮਨੁੱਖੀ ਦਿਮਾਗ ਦੀ ਬਣਤਰ ਅਤੇ ਇਸ ਦੇ ਕੰਮ ਕਰਨ ਦੀ ਵਿਧੀ ਬਾਰੇ ਵਿਸਥਾਰ ਵਿੱਚ ਚਨਣਾ ਪਾਇਆ ਤੇ ਕਿਹਾ ਕਿ ਦਿਮਾਗ ਨੂੰ ਵਰਤ ਕੇ ਤਿੱਖਾ ਰੱਖੋ। ਬੇਹਤਰੀਨ ਐਥਲੀਟ ਰਹੇ ਪ੍ਰਮਿੰਦਰ ਗਰੇਵਾਲ ਨੇ ਕਿਹਾ ਕਿ ਹਰੇਕ ਪ੍ਰਾਪਤੀ ਤੁਹਾਡੀ ਸਿਹਤ, ਤੁਹਾਡੇ ਵਿਤ ਅਤੇ ਸਮਰੱਥਾ ਮੁਤਾਬਕ ਹੁੰਦੀ ਹੈ। ਕਰਮ ਸਿੰਘ ਮੁੰਡੀ ਨੇ ਰੂਸੀ ਇਨਕਲਾਬ ਦੇ ਇਤਿਹਾਸ ਵੱਲ ਝਾਤ ਪੁਆਈ ਤੇ ਕਿਹਾ ਕਿ ਲੈਨਿਨ ਅਤੇ ਸਟਾਲਿਨ ਦੀ ਅਗਵਾਈ ਹੇਠ ਰੂਸ ਨੇ ਹਰ ਖੇਤਰ ਵਿੱਚ ਬੜੀ ਤਰੱਕੀ ਕੀਤੀ। ਹਰਿੰਦਰ ਕੌਰ ਮੁੰਡੀ ਨੇ ਕਵਿਤਾ ਰਾਹੀਂ ਦੀਵਾਲੀ ਮਗਰੋਂ ਪੈਣ ਵਾਲੇ ਨਕਾਰਾਤਮਕ ਅਸਰਾਂ ਵੱਲ ਧਿਆਨ ਦਿਵਾਇਆ। ਸ਼ਮਿੰਦਰ ਕੰਮੋਹ ਨੇ ਮਜ਼ਾਕੀਆ ਸ਼ੇਅਰ ਸੁਣਾਏ। ਸੁਖਦੇਵ ਬੈਂਸ ਨੇ ਵਧੀਆ ਤਰੀਕੇ ਨਾਲ਼ ਦੀਵਾਲ਼ੀ ਮਨਾਉਣ ਦੀ ਗੱਲ ਕਹੀ, ਸੁਰਿੰਦਰ ਢਿੱਲੋਂ ਨੇ ਕੁਝ ਵੀਡੀ-ਸਾਂਝੀਆਂ ਕਰ ਕੇ ਹਾਸੀ ਮਜ਼ਾਕ ਕੀਤਾ। ਸੁਖਮਿੰਦਰ ਗਿੱਲ ਨੇ ਗੀਤ ਸੁਣਾਇਆ। ਵਿਜੇ ਸਚਦਵਾ ਨੇ ਕਰਤਾਰ ਸਿੰਘ ਬਲੱਗਣ ਦਾ ਲਿਖਿਆ ਗੀਤ ਹਾਰਮੋਨੀਅਮ ਦੀਆਂ ਸੁਰਾਂ 'ਤੇ ਗਾ ਕੇ ਸੰਗੀਤਕ ਮਾਹੌਲ ਸਿਰਜਿਆ। ਭਜਨ ਸਿੰਘ ਸਾਗੂ ਨੇ ਚੁਟਕਲੇ ਸੁਣਾਏ। ਲਖਵਿੰਦਰ ਸਿੰਘ ਸਿੱਧੂ ਨੇ ਆਪਣੀ ਲਿਖੀ ਕਵਿਤਾ ਸੁਣਾਈ। ਲਖਵਿੰਦਰ ਸਿੰਘ ਜੌਹਲ, ਜਸਵੰਤ ਸਿੰਘ ਕਪੂਰ, ਨਰਿੰਦਰ ਦਿਆਲ ਅਤੇ ਅਮਰਜੀਤ ਕੌਰ ਪਲਾਹਾ ਟੀਮ ਦੀਆਂ ਬੀਬੀਆਂ ਨੇ ਪ੍ਰਬੰਧਕੀ ਜ਼ਿੰਮੇਵਾਰੀਆਂ ਨਿਭਾਈਆਂ। ਪੀਜ਼ੇ ਅਤੇ ਜਲੇਬੀਆਂ ਨੇ ਇਟਲੀ ਅਤੇ ਪੰਜਾਬ ਦੇ ਸੁਆਦ ਇਕੱਠੇ ਕਰ ਦਿੱਤੇ। ਅਖੀਰ ਵਿੱਚ ਸੁਰਿੰਦਰਜੀਤ ਪਲਾਹਾ ਨੇ ਸਾਰਿਆਂ ਦਾ ਧੰਨਵਾਦ ਕੀਤਾ।

ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਵੱਲੋਂ ਦਿਵਾਲੀ ਅਤੇ ਬੰਦੀ ਛੋੜ ਦਿਵਸ ਦੀ ਖੁਸ਼ੀ ਵਿੱਚ ਡਿਨਰ ਦਿੱਤਾ ਗਿਆ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਬੀਤੇ ਦਿਨੀ ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਦੇ ਹਾਲ ਵਿੱਚ ਬੰਦੀ ਛੋੜ ਦਿਵਸ ਅਤੇ ਦਿਵਾਲੀ ਮਨਾਉਣ ਲਈ ਇਕੱਤਰਤਾ ਹੋਈ। ਜਿਸ ਵਿੱਚ ਬੀਬੀਆਂ ਸਮੇਤ ਭਰਵੀਂ ਹਾਜਰੀ ਸੀ। ਪ੍ਰੋਗਰਾਮ ਦੇ ਸ਼ੁਰੂ ਵਿੱਚ ਪ੍ਰਿੰਸੀਪਲ ਸਤਪਾਲ ਕੌਸ਼ਿਲ ਨੇ ਦਿਵਾਲੀ ਅਤੇ ਬੰਦੀ ਛੋੜ ਦਿਵਸ ਦੇ ਇਤਿਹਾਸ, ਮਨਾਉਣ ਦੇ ਕਾਰਨ, ਮਨਾਉਣ ਦੇ ਤਰੀਕਿਆਂ ਬਾਰੇ ਸੰਖੇਪ ਰੂਪ ਵਿੱਚ ਚਾਨਣਾ ਪਾਇਆ। ਗਿੱਲ ਸੁਖਮੰਦਰ ਨੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਬਾਰੇ ਹਾਰਮੋਨੀਅਮ ਦੇ ਸਾਥ ਨਾਲ ਸੁਰੀਲੀ ਆਵਾਜ਼ ਵਿੱਚ ਗੀਤ ਪੇਸ਼ ਕੀਤਾ। ਮੋਹਨ ਸਿੰਘ ਨੇ ਇੱਕ ਕਵਿਤਾ ਸੁਣਾ ਕੇ ਆਪਣੀ ਹਾਜ਼ਰੀ ਲਵਾਈ । ਸੋਹਣ ਸਿੰਘ ਭੁੱਚੋ ਨੇ ਦਿਵਾਲੀ ਤੇ ਲਿਖਿਆ ਗੀਤ ਗਾਇਆ। ਹਰਦੀਪ ਸਿੰਘ ਧਾਲੀਵਾਲ ਨੇ ਆਪਣੀ ਕਵਿਤਾ ਸੁਣਾਈ । ਪਰਮਜੀਤ ਸਿੰਘ ਭੰਗੂ ਨੇ ਖੁਸ਼ੀਆਂ ਦਾ ਦਿਨ ਆਇਆ ਨਾਂ ਦਾ ਗੀਤ ਗੜਕਵੀਂ ਆਵਾਜ਼ ਵਿੱਚ ਪੇਸ਼ ਕੀਤਾ। ਇਸ ਮੌਕੇ ਬਜ਼ੁਰਗਾਂ ਦੇ ਜਨਮਦਿਨ ਵੀ ਮਨਾਏ ਗਏ ਤੇ ਉਹਨਾਂ ਨੂੰ ਮੁਬਾਰਕਬਾਦ ਦਿੱਤੀ ਗਈ। ਸੰਸਥਾ ਦੇ ਪ੍ਰਧਾਨ ਮੇਜਰ ਸਿੰਘ ਧਾਲੀਵਾਲ ਨੇ ਹਾਜਰੀਨ ਦਾ ਸ਼ੁਕਰੀਆ ਅਦਾ ਕੀਤਾ ਅਤੇ ਸਾਰੇ ਆਏ ਹੋਇਆਂ ਨੇ ਡਿਨਰ ਦਾ ਆਨੰਦ ਮਾਣਿਆ। ਡਿਨਰ ਦਾ ਸਮੁੱਚਾ ਪ੍ਰਬੰਧ ਕੁਲਵੀਰ ਕਾਲਕਟ, ਦਰਸ਼ਨ ਔਲਖ ਅਤੇ ਸੁਰਮਖ ਸਿੰਘ ਕੂਨਰ ਨੇ ਕੀਤਾ।



ਚੈਸਟਰਮੀਅਰ ਦੇ ਬਜ਼ੁਰਗਾਂ ਨੇ ਰੀਮੈਂਬਰੈਂਸ ਡੇ, ਗੁਰਤਾ ਗੱਦੀ ਦਿਵਸ, ਦਿਵਾਲੀ ਅਤੇ ਬੰਦੀ ਛੋੜ ਦਿਵਸ ਮਨਾਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਾਲ ਲੱਗਦੇ ਕਸਬੇ ਵਿਖੇ ਚੈਸਟਰਮੀਅਰ ਪੰਜਾਬੀ ਬਜ਼ੁਰਗ ਸੁਸਾਇਟੀ ਵੱਲੋਂ ਸੈਕਟਰੀ ਗੁਰਮੀਤ ਸਿੰਘ ਗਿੱਲ ਦੀ ਅਗਵਾਈ ਹੇਠ ਚੈਸਟਰਮੀਅਰ ਵਿਖੇ ਰੀਮੈਂਬਰੈਂਸ ਡੇ, ਗੁਰਤਾ ਗੱਦੀ ਦਿਵਸ , ਦਿਵਾਲੀ ਅਤੇ ਬੰਦੀ ਛੋੜ ਦਿਵਸ ਸਬੰਧੀ ਇੱਕ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਜੋਇੰਟ ਸੈਕਟਰੀ ਗੁਰਰਾਜ ਸਿੰਘ ਵਿਰਕ ਨੇ ਸਟੇਜ ਸੰਭਾਲਦਿਆਂ ਸਾਰੇ ਮੈਂਬਰਾਂ ਨੂੰ ਜੀ ਆਇਆਂ ਆਖਿਆ। ਸਭ ਤੋਂ ਪਹਿਲਾਂ ਸਾਰਿਆਂ ਨੇ ਖੜ੍ਹੇ ਹੋ ਕੇ, ਕਨੇਡਾ ਦੇ ਰਾਸ਼ਟਰੀ ਗੀਤ ਦੀਆਂ ਮਾਤਮੀ ਧੁਨਾਂ ਨਾਲ ਦੋ ਮਿੰਟ ਦਾ ਮੌਨ ਧਾਰ ਕੇ, ਪਹਿਲੀ ਸੰਸਾਰ ਜੰਗ ਦੌਰਾਨ ਸ਼ਹੀਦ ਫ਼ੌਜੀਆਂ ਅਤੇ ਸਿਵਲੀਅਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਗੁਰਭੇਜ ਸਿੰਘ ਝੰਡ ਨੇ ਸੰਖੇਪ ਵਿੱਚ ਪਹਿਲੀ ਸੰਸਾਰ ਜੰਗ ਸਬੰਧੀ ਜਾਣਕਾਰੀ ਸਾਂਝੀ ਕੀਤੀ। ਅਮਰਜੀਤ ਸਿੰਘ ਭੋਲੇ ਨੇ ਗੁਰਤਾ ਗੱਦੀ ਦਿਵਸ਼ ਦੀਆਂ ਵਧਾਈਆਂ ਦਿੰਦਿਆਂ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੀ ਨੂੰ ਅੱਜ ਦੇ ਦਿਨ ਗੁਰਤਾ ਗੱਦੀ ਸੌਂਪੀ 1708 ਈਸਵੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਸੀ। ਗੁਰਰਾਜ ਸਿੰਘ ਵਿਰਕ ਵੱਲੋਂ ਦਿਵਾਲੀ ਸਬੰਧੀ ਆਪਣੀ ਲਿਖੀ ਕਵਿਤਾ 'ਦਿਵਾਲੀ ਦੀਆਂ ਮੁਬਾਰਕਾਂ' ਪੜ੍ਹੀ ਗਈ। ਕੁਲਦੀਪ ਅਗਰਵਾਲ ਨੇ ਆਪਣੇ ਜਨਮ ਦਿਨ ਦਾ ਕੇਕ ਕੱਟਿਆ। ਸਮਾਗਮ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਕੁਲਦੀਪ ਸਿੰਘ ਗਿੱਲ, ਰਸ਼ਪਾਲ ਸਿੰਘ ਗਿੱਲ, ਜਗਜੀਤ ਸਿੰਘ ਗਰੇਵਾਲ, ਅਨਿਲ ਗੁਪਤਾ, ਜਗਦੀਪ ਸਿੰਘ ਸਿੱਧੂ, ਗੁਰਮੇਲ ਸਿੰਘ ਸਿੱਧੂ ਅਤੇ ਭੁਪਿੰਦਰ ਸਿੰਘ ਨੇ ਅਹਿਮ ਭੂਮਿਕਾ ਨਿਭਾਈ। ਅਖੀਰ ਵਿੱਚ ਮਿਠਾਈਆਂ, ਸਨੈਕਸ ਅਤੇ ਚਾਹ ਵਰਤਾਈ ਗਈ। ਸੁਸਾਇਟੀ ਪ੍ਰਧਾਨ ਜਨਕ ਸਿੰਘ ਖੁਰਮੀ ਨੇ ਪੰਜਾਬ ਤੋਂ ਵੀਡੀਓ ਕਾਨਫਰੰਸ ਰਾਹੀਂ ਸਮਾਗਮ ਦੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਖਜ਼ਾਨਚੀ ਆਤਮਾ ਸਿੰਘ ਗਿੱਲ ਨੇ ਪਹੁੰਚੇ ਹੋਏ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੁਸਾਇਟੀ ਦੇ ਸਮਾਗਮਾਂ ਵਿੱਚ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਿਹਾ ਕਰੋ, ਰੌਣਕਾਂ ਵਧਾਉਂਦੇ ਰਿਹਾ ਕਰੋ।

ਕਾਇਨਾਈ ਮੁਟਿਆਰ ਚੋਂਦਰਾ ਫੌਕਸ 2027 ਕੈਲਗਰੀ ਸਟੈਂਪੀਡ ਫ਼ਸਟ ਨੇਸ਼ਨ ਪ੍ਰਿੰਸੈਸ ਬਣੀ

ਹੁਣੇ ਹੋਏ ਮੁਕਾਬਲਿਆਂ ਦੌਰਾਨ ਕਾਇਨਾਈ ਫ਼ਸਟ ਨੇਸ਼ਨ (ਬਲੱਡ ਕਬੀਲਾ) ਦੀ 23 ਸਾਲਾ ਮੁਟਿਆਰ ਚੋਂਦਰਾ ਫੌਕਸ ਨੂੰ 2027 ਕੈਲਗਰੀ ਸਟੈਂਪੀਡ ਫ਼ਸਟ ਨੇਸ਼ਨ ਪ੍ਰਿੰਸੈਸ ਚੁਣ ਲਿਆ ਗਿਆ ਹੈ। ਸਾਲ 2026 ਦੀ ਸਟੈਂਪੀਡ ਫ਼ਸਟ ਨੇਸ਼ਨ ਪ੍ਰਿੰਸੈਸ ਰੇਗਨ ਫ਼ਸਟ ਰਾਈਡਰ ਨੇ ਚੋਂਦਰਾ ਫੌਕਸ ਨੂੰ ਚੁਣੇ ਜਾਣ ਉੱਤੇ ਪ੍ਰਿੰਸੈਸ ਦਾ ਤਾਜ ਪਹਿਨਾਇਆ। ਰੇਗਨ ਵੀ ਕਾਇਨਾਈ ਨੇਸ਼ਨ ਦੀ ਧੀ ਹੈ। ਚੋਂਦਰਾ ਹੁਣ ਤੱਕ ਕਾਇਨਾਈ ਫ਼ਸਟ ਨੇਸ਼ਨ ਤੋਂ ਪ੍ਰਿੰਸੈਸ ਬਨਣ ਵਾਲ਼ੀ ਛੇਵੀਂ ਮੁਟਿਆਰ ਹੈ। ਉਹ ਪਹਿਲੀ ਜਨਵਰੀ ਤੋਂ 31 ਦਸੰਬਰ, 2027 ਤੱਕ ਇਸ ਰੁਤਬੇ ਤੇ ਰਹੇਗੀ, ਜਿਸ ਦੌਰਾਨ ਕੈਲਗਰੀ ਸਟੈਂਪੀਡ ਦੀ ਦੂਤ ਵਜੋਂ 9 ਤੋਂ 18 ਜੁਲਾਈ ਤੱਕ ਹੋਣ ਵਾਲੇ ਸਟੈਂਪੀਡ ਤੋਂ ਇਲਾਵਾ ਹੋਰ ਸੈਂਕੜੇ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਰੇਗੀ। ਉਸ ਨੇ ਕਿਹਾ, ਮੈਂ ਇਸ ਰਤਬੇ ਦੀਆਂ ਜ਼ਿੰਮੇਵਾਰੀਆਂ ਨੂੰ ਪੂਰੇ ਆਤਮ ਸਨਮਾਨ, ਸਤਿਕਾਰ, ਦਯਾਭਾਵ ਅਤੇ ਉਤਸ਼ਾਹ ਨਾਲ ਨਿਭਾਵਾਂਗੀ। ਨੇਟਿਵ ਅਤੇ ਗ਼ੈਰ-ਨੇਟਿਵ ਲੋਕਾਂ ਨੂੰ ਜੋੜਨ ਦਾ ਕੰਮ ਕਰਾਂਗੀ ਅਤੇ ਨੌਜਵਾਨ ਲੜਕੀਆਂ ਲਈ ਰੋਲ ਮਾਡਲ ਬਣਾਂਗੀ। ਮੈਂ ਸਿਖਾਂਦਰੂ ਹਾਂ, ਦੂਜੇ ਲੋਕਾਂ ਨਾਲ਼ ਸੰਪਰਕ ਕਾਇਮ ਕਰ ਕੇ ਆਪਣੇ ਲੋਕਾਂ ਦੀ ਪ੍ਰਤੀਨਿਧਤਾ ਕਰਾਂਗੀ। ਮੈਂ ਲੋਕਾਂ ਨਾਲ਼ ਮੇਲ-ਜੋਲ ਵਧਾਉਣ, ਰਿਸ਼ਤੇ ਗੰਢਣ ਅਤੇ ਆਪਣੀ ਕਲਚਰ ਬਾਰੇ ਹੋਰ ਸਿੱਖਣ ਦੀ ਤਾਂਘ ਰਖਦੀ ਹਾਂ ਤਾਂ ਕਿ ਆਪਣੀ ਰਵਾਇਤੀ ਵਿਰਾਸਤ ਦੀ ਪ੍ਰਤੀਨਿਧਤਾ ਕਰ ਸਕਾਂ।ਦੱਸਣਯੋਗ ਹੈ ਕਿ ਇਸ ਮੁਕਾਬਲੇ ਵਿੱਚ ਹਿੱਸਾ ਲੈਣ ਵਾਲ਼ੀਆਂ ਚਾਰ ਮੁਟਿਆਰਾਂ ਨੇ ਆਪਣੇ ਸਭਿਆਚਾਰਕ ਵਿਰਸੇ, ਰਵਾਇਤੀ ਨਾਚਾਂ, ਭਾਸ਼ਣ ਕਰਨ ਦੀ ਮੁਹਾਰਤ ਅਤੇ ਮੁਲਾਕਾਤੀ ਹੁਨਰ ਦਾ ਵਿਖਾਵਾ ਕੀਤਾ ਸੀ।



ਚੋਂਦਰਾ ਫੌਕਸ ਦਾ ਬਲੈਕਫੁਟ ਨਾਂ ਨਾਮੀਤਾਪੀਆਕੀ ਹੈ ਜਿਸ ਦਾ ਅਰਥ ਹੈ ਇਕੱਲੀ ਔਰਤ। ਉਹ ਟੈਰੀ ਲਿਨ ਫੌਕਸ ਅਤੇ ਸ਼ੈਲਡਨ ਸੇ ਚੀਫ਼ ਦੀ ਧੀ ਹੈ। ਇਸ ਬਾਰੇ ਜਗਦੇਵ ਸਿੱਧੂ ਦੁਆਰਾ ਸੰਪਰਕ ਕਰਨ ਤੇ ਕਾਇਨਾਈ ਨੇਸ਼ਨ ਦੀ ਬਹੁ-ਪ੍ਰਤਿਭਾਸ਼ਾਲੀ ਆਗੂ ਆਟਮ ਈਗਲ ਸਪੀਕਰ (Multi-talented, Warrior, Event maker and leader, Autumn Eagle Speaker of Kainai First Nation) ਨੇ ਦੱਸਿਆ ਕਿ ਚੋਂਦਰਾ ਮੰਨੀ ਹੋਈ ਜਿੰਗਲ ਡਰੈਸ ਡਾਨਸਰ ਹੈ। ਉਹ ਅੰਤਰਰਾਸ਼ਟਰੀ ਪੱਧਰ ਦੀ ਨੇਟਿਵ ਮਾਡਲ ਹੈ ਜੋ ਸੈਂਟਾ ਫੇ, ਨਿਊ ਮੈਕਸੀਕੋ, ਵੈਨਕੂਵਰ, ਟੋਰਾਂਟੋ, ਨਿਊਯਾਰਕ ਅਤੇ ਕਈ ਹੋਰ ਸ਼ਹਿਰਾਂ ਦੇ ਫ਼ੈਸ਼ਨ ਸ਼ੋਆਂ ਵਿੱਚ ਕੈਟ-ਵਾਕ ਕਰ ਚੁੱਕੀ ਹੈ ਤੇ ਫ਼ੈਸ਼ਨ ਮੈਗਜ਼ੀਨ 'ਵੋਗ' ਵਿੱਚ ਛਪ ਚੁੱਕੀ ਹੈ। ਉਹ ਚੰਗੀ ਅਦਾਕਾਰਾ ਵੀ ਹੈ। ਸਾਲ 2012 ਦੀ ਫ਼ਸਟ ਨੇਸ਼ਨਜ਼ ਪ੍ਰਿੰਸੈਸ ਅਤੇ ਹੁਣ ਫ਼ਸਟ ਨੇਸ਼ਨਜ਼ ਪ੍ਰਿੰਸੈਸ ਸਬ ਕਮੇਟੀ ਦੀ ਅਗਲੀ ਚੇਅਰਪਰਸਨ ਅਮੇਲੀਆ ਕਰੋਅ ਸ਼ੁ ਨੇ ਇਸ ਮੌਕੇ ਕਿਹਾ,ਅਸੀਂ ਆਪਣੀ ਨਵੀਂ ਭੈਣ ਚੋਂਦਰਾ ਫੌਕਸ ਨੂੰ ਕੈਲਗਰੀ ਸਟੈਂਪੀਡ ਪਰਿਵਾਰ ਵਿੱਚ ਸ਼ਾਮਲ ਹੋਣ 'ਤੇ ਉਸ ਦਾ ਸੁਆਗਤ ਕਰਦੇ ਹਾਂ। ਉਸ ਦੀ ਨਵੀਂ ਜ਼ਿੰਮੇਵਾਰੀ 'ਤੇ ਉਸ ਨੂੰ ਸਹਾਰਾ ਦਿਆਂਗੇ, ਇਸ ਤੋਂ ਪਹਿਲੀਆਂ ਮੁਟਿਆਰਾਂ ਦਾ ਸਨਮਾਨ ਕਰਦੇ ਹੋਏ ਅਜਿਹੇ ਪ੍ਰੋਗਰਾਮ ਉਲੀਕਦੇ ਰਹਾਂਗੇ, ਜਿਹੜੇ ਸਾਡੀ ਪਛਾਣ, ਕਲਚਰ ਅਤੇ ਭਾਵੀ ਆਗੂਆਂ ਨੂੰ ਉਭਾਰਨ ਵਿੱਚ ਸਹਾਈ ਹੋਣਗੇ।

ਜਗਦੇਵ ਸਿੱਧੂ











ਤਰਨਦੀਪ ਬਿਲਾਸਪੁਰ

ਵਿਰੋਧੀ ਧਿਰ ਨੂੰ ਸਪੱਸ਼ਟ ਕਰਨਾ ਪਵੇਗਾ ਕਿ ਉਹ ਇਹ ਸਹਾਇਤਾ ਜਾਰੀ ਰੱਖੇਗੀ ਤਾਂ ਪੈਸਾ ਕਿੱਥੋਂ ਲਿਆਵੇਗੀ। ਜੇ ਇਸ ਵਿੱਚ ਤਬਦੀਲੀ ਕਰੇਗੀ ਤਾਂ ਕਿਹੜੇ ਪਰਿਵਾਰ ਦੀ ਕਿੰਨੀ ਮਦਦ ਘਟੇਗੀ ਅਤੇ ਕਿਉਂ ? ਇਸੇ ਵੇਲੇ ਸਰਕਾਰ ਨੂੰ ਜਵਾਬ ਦੇਣਾ ਪਵੇਗਾ ਕਿ ਬਿੱਲਾਂ ਦੀ ਰਾਹਤ ਦੇ ਨਾਲ ਰੁਜ਼ਗਾਰ, ਸੁਰੱਖਿਆ ਅਤੇ ਨਸ਼ਿਆਂ ਦੇ ਹੱਲ ਵਿੱਚ ਕਿੰਨੀ ਤਰੱਕੀ ਹੋਈ ਹੈ।

ਪੰਜਾਬ ਵਿੱਚ ਚੋਣ ਮੇਲਾ ਭਖਣਾ ਸ਼ੁਰੂ ਹੋ ਗਿਆ ਹੈ। ਕਿਸਦੀ ਟਿਕਟ ਬਣੇਗੀ, ਕਿਸਦੀ ਕੱਟੀ ਜਾਵੇਗੀ, ਕੌਣ ਕਿਸ ਪਾਰਟੀ ਵਿੱਚ ਜਾਵੇਗਾ ਅਤੇ ਕੌਣ ਘਰ ਵਾਪਸੀ ਕਰੇਗਾ—ਇਹ ਚਰਚਾ ਹਰ ਬੈਠਕ ਅਤੇ ਸੱਥ ਵਿੱਚ ਹੋਣ ਲੱਗੀ ਹੈ। ਸਿਆਸਤ ਦਾ ਵੱਡਾ ਹਿੱਸਾ ਫ਼ਿਲਹਾਲ ਉਮੀਦਵਾਰਾਂ ਦੀ ਅਦਲਾ-ਬਦਲੀ ਅਤੇ ਚੋਣ ਸਮੀਕਰਨਾਂ ਦੁਆਲੇ ਘੁੰਮ ਰਿਹਾ ਹੈ। ਪਰ ਇਸ ਰੌਲੇ ਵਿਚਾਲੇ ਪੰਜਾਬ ਦੇ ਆਪਣੇ ਸਵਾਲ ਕਿੱਥੇ ਖੜ੍ਹੇ ਹਨ ? ਇਨ੍ਹਾਂ ਬਾਰੇ ਨਾ ਲੋਕਾਂ ਦੀ ਆਵਾਜ਼ ਲੋੜੀਂਦੀ ਤਾਕਤ ਨਾਲ ਸੁਣਾਈ ਦੇ ਰਹੀ ਹੈ ਅਤੇ ਨਾ ਟਿਕਟਾਂ ਦੇਣ-ਲੈਣ ਵਾਲਿਆਂ ਦੀ ਬਹਿਸ ਵਿੱਚ ਇਨ੍ਹਾਂ ਨੂੰ ਬਣਦੀ ਥਾਂ ਮਿਲ ਰਹੀ ਹੈ।ਇਸ ਮੌਕੇ ਪੰਜ ਮੁੱਦੇ ਅਜਿਹੇ ਹਨ, ਜਿਨ੍ਹਾਂ ਦੀ ਖੁੱਲ੍ਹ ਕੇ ਚਰਚਾ ਹੋਣੀ ਚਾਹੀਦੀ ਹੈ। ਵੋਟਾਂ ਮੰਗਣ ਆਉਣ ਵਾਲੇ ਹਰ ਆਗੂ ਤੋਂ ਇਨ੍ਹਾਂ ਦਾ ਹਿਸਾਬ ਲੈਣਾ ਬਣਦਾ ਹੈ। ਇਹ ਮੁੱਦੇ ਕਿਸੇ ਇੱਕ ਪਾਰਟੀ ਦੀ ਹਾਰ-ਜਿੱਤ ਨਾਲੋਂ ਵੱਡੇ ਹਨ, ਕਿਉਂਕਿ ਇਨ੍ਹਾਂ ਨਾਲ ਪੰਜਾਬ ਦੀ ਮੌਜੂਦਾ ਜ਼ਿੰਦਗੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਜੁੜਿਆ ਹੈ।ਸਭ ਤੋਂ ਪਹਿਲਾ ਸਵਾਲ ਨਸ਼ਿਆਂ ਦਾ ਹੈ। ਸਰਕਾਰਾਂ ਬਦਲੀਆਂ, ਮੁਹਿੰਮਾਂ ਦੇ ਨਾਂ ਬਦਲੇ ਅਤੇ ਨਸ਼ਾ ਖ਼ਤਮ ਕਰਨ ਦੀਆਂ ਸਮਾਂ-ਹੱਦਾਂ ਵੀ ਬਦਲਦੀਆਂ ਰਹੀਆਂ, ਪਰ ਲੋਕਾਂ ਦਾ ਸਵਾਲ ਅਜੇ ਵੀ ਉਹੀ ਹੈ: ਸਾਡੇ ਪਿੰਡ ਅਤੇ ਮੁਹੱਲੇ ਵਿੱਚ ਚਿੱਟਾ ਮਿਲਣਾ ਬੰਦ ਹੋਇਆ ਜਾਂ ਨਹੀਂ ? ਕੌਮੀ ਅਪਰਾਧ ਰਿਕਾਰਡ ਬਿਊਰੋ ਦੇ 2024 ਦੇ ਅੰਕੜਿਆਂ ਮੁਤਾਬਕ ਪੰਜਾਬ ਵਿੱਚ ਨਸ਼ੇ ਦੀ ਵੱਧ ਮਾਤਰਾ ਲੈਣ ਕਾਰਨ 106 ਮੌਤਾਂ ਦਰਜ ਹੋਈਆਂ। ਇਸੇ ਸਾਲ ਨਸ਼ਾ ਤਸਕਰੀ ਦੇ 6,060 ਕੇਸ ਦਰਜ ਹੋਏ, ਜੋ ਦੇਸ਼ ਵਿੱਚ ਸਭ ਤੋਂ ਵੱਧ ਸਨ। ਇਹ ਸਰਕਾਰੀ ਰਿਕਾਰਡ ਵਿੱਚ ਆਈ ਗਿਣਤੀ ਹੈ। ਇਸ ਨੂੰ ਸਮਾਜ ਵਿੱਚ ਨਸ਼ਿਆਂ ਕਾਰਨ ਹੋਏ ਸਮੁੱਚੇ ਨੁਕਸਾਨ ਦਾ ਪੂਰਾ ਹਿਸਾਬ ਨਹੀਂ ਮੰਨਿਆ ਜਾ ਸਕਦਾ। ਸਮਾਜਿਕ ਬਦਨਾਮੀ, ਮੌਤ ਦੇ ਕਾਰਨ ਦੀ ਪੁਸ਼ਟੀ ਨਾ ਹੋਣ ਅਤੇ ਰਿਪੋਰਟਿੰਗ ਦੀਆਂ ਕਮੀਆਂ ਕਾਰਨ ਅਸਲ ਤਸਵੀਰ ਵੱਖਰੀ ਹੋ ਸਕਦੀ ਹੈ। ਹਾਲਾਂਕਿ ਕਿਸੇ ਭਰੋਸੇਯੋਗ ਅਧਿਐਨ ਤੋਂ ਬਿਨਾਂ ਗੈਰ-ਦਰਜ ਮੌਤਾਂ ਦੀ ਪੱਕੀ ਗਿਣਤੀ ਦੇਣਾ ਵੀ ਠੀਕ ਨਹੀਂ ਹੋਵੇਗਾ। ਸਰਕਾਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀ ਦੇ ਅੰਕੜੇ ਪੇਸ਼ ਕਰਦੀ ਹੈ। ਇਹ ਕਾਰਵਾਈ ਜ਼ਰੂਰੀ ਹੈ, ਪਰ ਵੱਧ ਕੇਸ ਦਰਜ ਹੋਣਾ ਪੁਲਿਸ ਦੀ ਸਰਗਰਮੀ ਦਾ ਸੰਕੇਤ ਹੋ ਸਕਦਾ ਹੈ; ਨਸ਼ਾ ਖ਼ਤਮ ਹੋਣ ਦਾ ਸਬੂਤ ਨਹੀਂ। ਅਸਲ ਹਿਸਾਬ ਇਹ ਹੋਣਾ ਚਾਹੀਦਾ ਹੈ ਕਿ ਕਿੰਨੇ ਨੌਜਵਾਨ ਇਲਾਜ ਤੋਂ ਬਾਅਦ ਮੁੜ ਕੰਮ ਅਤੇ ਪਰਿਵਾਰ ਨਾਲ ਜੁੜੇ, ਕਿੰਨੇ ਮੁੜ ਨਸ਼ਿਆਂ ਵੱਲ ਪਰਤੇ ਅਤੇ ਨਸ਼ਾ ਕਰਨ ਵਾਲਿਆਂ ਤੋਂ ਅੱਗੇ ਵਧ ਕੇ ਕਿੰਨੇ ਵੱਡੇ ਸਪਲਾਇਰਾਂ ਨੂੰ ਗ੍ਰਿਫ਼ਤਾਰ ਕਰਕੇ ਸਜ਼ਾ ਦਿਵਾਈ ਗਈ।

ਦੂਜਾ ਵੱਡਾ ਮੁੱਦਾ ਰੁਜ਼ਗਾਰ ਹੈ। ਪੰਜਾਬ ਦੇ ਨੌਜਵਾਨ ਅੱਗੇ ਅੱਜ ਵੀ ਇਹ ਸਵਾਲ ਖੜ੍ਹਾ ਹੈ ਕਿ ਇੱਥੇ ਰਹਿ ਕੇ ਉਸ ਨੇ ਬਣਨਾ ਕੀ ਹੈ। ਕੇਂਦਰ ਸਰਕਾਰ ਦੀ ਪੀਰੀਆਡਿਕ ਲੇਬਰ ਫੋਰਸ ਸਰਵੇ ਦੀ 2025 ਦੀ ਰਿਪੋਰਟ ਵਿੱਚ ਪੰਜਾਬ ਦੇ 15 ਤੋਂ 29 ਸਾਲ ਦੇ ਨੌਜਵਾਨਾਂ ਦੀ ਬੇਰੁਜ਼ਗਾਰੀ ਦਰ 17 ਫ਼ੀਸਦੀ ਅਤੇ ਨੌਜਵਾਨ ਔਰਤਾਂ ਦੀ 27.7 ਫ਼ੀਸਦੀ ਦਰਜ ਹੈ। ਇਹ ਦਰ ਕਿਰਤ ਸ਼ਕਤੀ ਵਿੱਚ ਸ਼ਾਮਲ ਨੌਜਵਾਨਾਂ ਵਿੱਚ ਬੇਰੁਜ਼ਗਾਰਾਂ ਦੀ ਹਿੱਸੇਦਾਰੀ ਦਰਸਾਉਂਦੀ ਹੈ, ਸਾਰੇ ਨੌਜਵਾਨਾਂ ਵਿੱਚ ਬੇਰੁਜ਼ਗਾਰਾਂ ਦੀ ਗਿਣਤੀ ਨਹੀਂ।

ਸਰਕਾਰੀ ਨੌਕਰੀਆਂ ਮਿਲਣੀਆਂ ਮਹੱਤਵਪੂਰਨ ਹਨ। ਪਰ ਨਿਯੁਕਤੀ ਪੱਤਰ ਵੰਡਣ ਦੇ ਸਮਾਗਮਾਂ ਅਤੇ ਉਨ੍ਹਾਂ ਦੇ ਪ੍ਰਚਾਰ ਤੋਂ ਅੱਗੇ ਵੀ ਰੁਜ਼ਗਾਰ ਦੀ ਇੱਕ ਵੱਡੀ ਦੁਨੀਆ ਹੈ। ਹਰ ਨੌਜਵਾਨ ਸਰਕਾਰੀ ਮੁਲਾਜ਼ਮ ਨਹੀਂ ਬਣ ਸਕਦਾ। ਛੋਟੀ ਸਨਅਤ, ਦੁਕਾਨਦਾਰੀ, ਖੇਤੀ ਨਾਲ ਜੁੜੇ ਕਾਰੋਬਾਰ ਅਤੇ ਨਿੱਜੀ ਨੌਕਰੀਆਂ ਵਿੱਚ ਇੰਨੀ ਕਮਾਈ ਹੋਣੀ ਚਾਹੀਦੀ ਹੈ ਕਿ ਮੁੰਡੇ-ਕੁੜੀਆਂ ਪੰਜਾਬ ਵਿੱਚ ਆਪਣਾ ਭਵਿੱਖ ਦੇਖ ਸਕਣ।

ਪੰਜਾਬ ਛੱਡਣਾ ਕਿਸੇ ਦੀ ਆਪਣੀ ਚੋਣ ਹੋਵੇ ਤਾਂ ਵੱਖਰੀ ਗੱਲ ਹੈ। ਪਰ ਜਦੋਂ ਇਹ ਸੋਚ ਘਰ ਕਰ ਜਾਵੇ ਕਿ ਇੱਥੇ ਰਹਿ ਕੇ ਕੁਝ ਬਣ ਹੀ ਨਹੀਂ ਸਕਦਾ, ਤਾਂ ਸਰਕਾਰਾਂ ਨੂੰ ਜਵਾਬ ਦੇਣਾ ਪਵੇਗਾ। ਵਿਦੇਸ਼ ਵਿੱਚ ਪੜ੍ਹਾਈ ਲਈ ਕਰਜ਼ਾ ਦਿਵਾਉਣ ਦੇ ਵਾਅਦੇ ਸਥਾਨਕ ਰੁਜ਼ਗਾਰ ਨੀਤੀ ਦਾ ਬਦਲ ਨਹੀਂ ਹੋ ਸਕਦੇ। ਪੰਜਾਬ ਦੀ ਸਰਕਾਰ ਦਾ ਮੁੱਖ ਇਮਤਿਹਾਨ ਇੱਥੇ ਮੌਕੇ ਪੈਦਾ ਕਰਨਾ ਹੈ।

ਤੀਜਾ ਮੁੱਦਾ ਸੁਰੱਖਿਆ ਦਾ ਹੈ। ਬੰਦਾ ਮਿਹਨਤ ਨਾਲ ਕਮਾਈ ਕਰਕੇ ਵੀ ਡਰ ਵਿੱਚ ਕਿਉਂ ਜੀਵੇ ? 'ਇੰਡੀਅਨ ਐਕਸਪ੍ਰੈੱਸ' ਦੀ ਜੂਨ 2025 ਦੀ ਪੁਲਿਸ ਸੂਤਰਾਂ 'ਤੇ ਆਧਾਰਿਤ ਰਿਪੋਰਟ ਮੁਤਾਬਕ ਜਨਵਰੀ 2023 ਤੋਂ ਮਾਰਚ 2025 ਤੱਕ ਪੰਜਾਬ ਵਿੱਚ ਗੈਂਗਸਟਰ ਧਮਕੀਆਂ, ਫਿਰੌਤੀ ਅਤੇ ਡਰਾਉਣ-ਧਮਕਾਉਣ ਨਾਲ ਸਬੰਧਤ 569 ਐੱਫਆਈਆਰ ਦਰਜ ਹੋਈਆਂ।

ਇਸ ਨੂੰ ਸਿਰਫ਼ ਕਾਨੂੰਨ ਵਿਵਸਥਾ ਦੀ ਬਹਿਸ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਇਸ ਨਾਲ ਕਾਰੋਬਾਰ, ਨਿਵੇਸ਼ ਅਤੇ ਆਮ ਪਰਿਵਾਰਾਂ ਦੀ ਰੋਜ਼ਾਨਾ ਜ਼ਿੰਦਗੀ ਜੁੜੀ ਹੈ। ਫਿਰੌਤੀ ਦਾ ਫ਼ੋਨ ਆਉਣ 'ਤੇ ਦੁਕਾਨਦਾਰ ਪਹਿਲਾਂ ਆਪਣੇ ਪਰਿਵਾਰ ਦੀ ਸੁਰੱਖਿਆ ਬਾਰੇ ਸੋਚਦਾ ਹੈ। ਉਸ ਲਈ ਅਸਲ ਸਵਾਲ ਇਹ ਹੈ ਕਿ ਸ਼ਿਕਾਇਤ ਕਰਨ ਤੋਂ ਬਾਅਦ ਉਸ ਦੀ ਰੱਖਿਆ ਕੌਣ ਕਰੇਗਾ ਅਤੇ ਦੋਸ਼ੀ ਨੂੰ ਸਜ਼ਾ ਕਦੋਂ ਮਿਲੇਗੀ।

ਸਿਆਸੀ ਪਾਰਟੀਆਂ ਨੂੰ ਅਪਰਾਧਿਕ ਪਿਛੋਕੜ ਵਾਲੇ ਵਿਅਕਤੀਆਂ ਪ੍ਰਤੀ ਆਪਣੇ ਰਵੱਈਏ ਬਾਰੇ ਵੀ ਸਪੱਸ਼ਟ ਹੋਣਾ ਪਵੇਗਾ। ਜੇ ਅਜਿਹੇ ਲੋਕਾਂ ਨੂੰ ਸਿਆਸੀ ਸਰਪ੍ਰਸਤੀ ਜਾਂ ਜਨਤਕ ਮਾਣ ਮਿਲੇਗਾ, ਤਾਂ ਅਪਰਾਧ ਖ਼ਿਲਾਫ਼ ਸਖ਼ਤੀ ਦੇ ਦਾਅਵਿਆਂ 'ਤੇ ਸਵਾਲ ਉੱਠਣੇ ਸੁਭਾਵਿਕ ਹਨ।

ਚੌਥਾ ਮੁੱਦਾ ਖੇਤੀ ਅਤੇ ਪਾਣੀ ਦਾ ਹੈ। ਅਗਲੀ ਫ਼ਸਲ ਦਾ ਪ੍ਰਬੰਧ ਕਰਦਿਆਂ ਅਸੀਂ ਅਗਲੀ ਪੀੜ੍ਹੀ ਲਈ ਕੀ ਛੱਡ ਰਹੇ ਹਾਂ ? ਅਗਸਤ 2026 ਵਿੱਚ ਰਿਪੋਰਟ ਹੋਏ ਪੰਜਾਬ ਦੇ ਭੂਜਲ ਮੁਲਾਂਕਣ ਮੁਤਾਬਕ 153 ਵਿੱਚੋਂ 110 ਬਲਾਕਾਂ ਵਿੱਚ ਧਰਤੀ ਹੇਠੋਂ ਪਾਣੀ ਹੱਦ ਤੋਂ ਵੱਧ ਕੱਢਿਆ ਜਾ ਰਿਹਾ ਹੈ। ਸਾਲਾਨਾ ਕੱਢਣਯੋਗ ਪਾਣੀ ਦੇ ਮੁਕਾਬਲੇ ਨਿਕਾਸੀ 152.22 ਫ਼ੀਸਦੀ ਹੈ। ਸੌਖੇ ਸ਼ਬਦਾਂ ਵਿੱਚ, ਜਿੱਥੇ ਸਾਲਾਨਾ 100 ਲੀਟਰ ਕੱਢਣ ਦੀ ਗੁੰਜਾਇਸ਼ ਹੈ, ਉੱਥੇ ਲਗਭਗ 152 ਲੀਟਰ ਕੱਢਿਆ ਜਾ ਰਿਹਾ ਹੈ।

ਇਸੇ ਮੁਲਾਂਕਣ ਵਿੱਚ ਨਹਿਰੀ ਪਾਣੀ ਦੀ ਵਰਤੋਂ ਵਧਣ ਅਤੇ ਕੁਝ ਸੁਧਾਰ ਹੋਣ ਦੀ ਗੱਲ ਵੀ ਸਾਹਮਣੇ ਆਉਂਦੀ ਹੈ। ਇਸ ਸੁਧਾਰ ਦਾ ਮਾਣ ਸਰਕਾਰ ਨੂੰ ਮਿਲਣਾ ਚਾਹੀਦਾ ਹੈ। ਪਰ 110 ਬਲਾਕਾਂ ਦਾ ਅਜੇ ਵੀ ਹੱਦ ਤੋਂ ਵੱਧ ਨਿਕਾਸੀ ਵਾਲੀ ਸ਼੍ਰੇਣੀ ਵਿੱਚ ਹੋਣਾ ਸੰਕਟ ਦੀ ਗੰਭੀਰਤਾ ਦੱਸਦਾ ਹੈ।

ਕਿਸਾਨ ਨੂੰ ਝੋਨਾ ਛੱਡਣ ਦੀ ਸਲਾਹ ਦੇਣੀ ਸੌਖੀ ਹੈ। ਔਖਾ ਕੰਮ ਬਦਲਵੀਂ ਫ਼ਸਲ ਲਈ ਖ਼ਰੀਦਦਾਰ, ਵਾਜਬ ਭਾਅ ਅਤੇ ਆਮਦਨ ਦਾ ਭਰੋਸਾ ਪੈਦਾ ਕਰਨਾ ਹੈ। ਜਦੋਂ ਤੱਕ ਇਹ ਪ੍ਰਬੰਧ ਨਹੀਂ ਬਣਦਾ, ਫ਼ਸਲੀ ਵੰਨ-ਸੁਵੰਨਤਾ ਦੀ ਬਹਿਸ ਦਾ ਵੱਡਾ ਬੋਝ ਕਿਸਾਨ ਦੇ ਸਿਰ ਹੀ ਪੈਂਦਾ ਰਹੇਗਾ।

ਪੰਜਵਾਂ ਮੁੱਦਾ ਪੰਜਾਬ ਦੇ ਖ਼ਜ਼ਾਨੇ ਦਾ ਹੈ। ਵਾਅਦੇ ਸਾਰੀਆਂ ਪਾਰਟੀਆਂ ਕਰ ਰਹੀਆਂ ਹਨ, ਪਰ ਉਨ੍ਹਾਂ ਨੂੰ ਪੂਰਾ ਕਰਨ ਲਈ ਪੈਸਾ ਕਿੱਥੋਂ ਆਵੇਗਾ ? ਸਾਲ 2026-27 ਦੇ ਬਜਟ ਵਿੱਚ ਪੰਜਾਬ ਦਾ ਮਾਲੀ ਘਾਟਾ 21,955 ਕਰੋੜ ਰੁਪਏ ਅਨੁਮਾਨਿਆ ਗਿਆ ਹੈ। ਬਿਜਲੀ ਸਬਸਿਡੀ ਲਈ 15,550 ਕਰੋੜ ਅਤੇ ਔਰਤਾਂ ਦੀ ਮਹੀਨਾਵਾਰ ਸਹਾਇਤਾ ਯੋਜਨਾ ਲਈ 9,300 ਕਰੋੜ ਰੁਪਏ ਰੱਖੇ ਗਏ ਹਨ। ਬਿਜਲੀ ਸਬਸਿਡੀ ਵਿੱਚ ਕਿਸਾਨਾਂ, ਘਰੇਲੂ ਖਪਤਕਾਰਾਂ ਅਤੇ ਸਨਅਤ ਤਿੰਨਾਂ ਦੀ ਸਹਾਇਤਾ ਸ਼ਾਮਲ ਹੈ। ਇਹ ਬਜਟ ਅਨੁਮਾਨ ਹਨ, ਅਸਲ ਖ਼ਰਚੇ ਦਾ ਅੰਤਿਮ ਹਿਸਾਬ ਨਹੀਂ।

ਪੰਜਾਬ ਦਾ ਕਰਜ਼ਾ ਅੱਜ ਤੋਂ ਨਹੀਂ ਚੜ੍ਹਨਾ ਸ਼ੁਰੂ ਹੋਇਆ। ਪਰ ਪਿਛਲੀਆਂ ਸਰਕਾਰਾਂ ਦੀਆਂ ਗ਼ਲਤੀਆਂ ਮੌਜੂਦਾ ਸਰਕਾਰ ਦੀ ਜਵਾਬਦੇਹੀ ਖ਼ਤਮ ਨਹੀਂ ਕਰਦੀਆਂ। ਸੱਤਾਧਾਰੀ ਅਤੇ ਵਿਰੋਧੀ ਪਾਰਟੀਆਂ ਦੋਵਾਂ ਨੂੰ ਦੱਸਣਾ ਪਵੇਗਾ ਕਿ ਆਮਦਨ ਕਿਵੇਂ ਵਧੇਗੀ, ਖ਼ਰਚ ਵਿੱਚ ਸੁਧਾਰ ਕਿੱਥੇ ਹੋਵੇਗਾ ਅਤੇ ਸਕੂਲਾਂ, ਹਸਪਤਾਲਾਂ ਤੇ ਬੁਨਿਆਦੀ ਢਾਂਚੇ ਲਈ ਪੈਸਾ ਕਿਵੇਂ ਬਚੇਗਾ।

ਇਨ੍ਹਾਂ ਸਵਾਲਾਂ ਵਿਚਾਲੇ ਇੱਕ ਹੋਰ ਸਿਆਸੀ ਸਵਾਲ ਖੜ੍ਹਾ ਹੁੰਦਾ ਹੈ। ਐਨੇ ਮਸਲਿਆਂ ਦੇ ਬਾਵਜੂਦ ਆਮ ਆਦਮੀ ਪਾਰਟੀ ਨੂੰ ਮੁਕਾਬਲੇ ਵਿੱਚ ਕਿਉਂ ਗਿਣਨਾ ਪੈਂਦਾ ਹੈ ? ਇੱਥੇ ਉਨ੍ਹਾਂ ਸਕੀਮਾਂ ਦਾ ਅਸਰ ਸਮਝਣਾ ਜ਼ਰੂਰੀ ਹੈ, ਜਿਨ੍ਹਾਂ ਨੂੰ ਵਿਰੋਧੀ 'ਮੁਫ਼ਤ ਦੀਆਂ ਰਿਓੜੀਆਂ' ਕਹਿੰਦੇ ਹਨ।

ਜਿਸ ਘਰ ਦਾ ਬਿਜਲੀ ਬਿੱਲ ਬਚਦਾ ਹੈ, ਉਸ ਲਈ ਇਹ ਬੱਚੇ ਦੀ ਫ਼ੀਸ, ਦਵਾਈ ਜਾਂ ਰਾਸ਼ਨ ਦਾ ਪੈਸਾ ਹੈ। ਕਿਸੇ ਔਰਤ ਦੇ ਆਪਣੇ ਖਾਤੇ ਵਿੱਚ ਸਹਾਇਤਾ ਆਉਂਦੀ ਹੈ ਤਾਂ ਉਸ ਨੂੰ ਆਪਣੀਆਂ ਲੋੜਾਂ ਬਾਰੇ ਫ਼ੈਸਲਾ ਕਰਨ ਦੀ ਕੁਝ ਗੁੰਜਾਇਸ਼ ਮਿਲਦੀ ਹੈ। ਪੰਜਾਬ ਵਿੱਚ ਲੋਕਾਂ ਨਾਲ ਗੱਲਬਾਤ ਕਰਦਿਆਂ ਇਹ ਮਹਿਸੂਸ ਹੁੰਦਾ ਹੈ ਕਿ ਘੱਟ ਆਮਦਨ ਵਾਲੇ ਪਰਿਵਾਰਾਂ ਲਈ ਇਹ ਰਾਹਤ ਮਾਇਨੇ ਰੱਖਦੀ ਹੈ। ਇਸ ਦਾ ਮਜ਼ਾਕ ਉਡਾ ਕੇ ਉਨ੍ਹਾਂ ਨਾਲ ਸੰਵਾਦ ਨਹੀਂ ਰਚਾਇਆ ਜਾ ਸਕਦਾ।

ਦੋ ਨਵੰਬਰ ਨੂੰ ਆਮ ਆਦਮੀ ਪਾਰਟੀ ਨੇ ਦਾਅਵਾ ਕੀਤਾ ਕਿ ਔਰਤਾਂ ਦੀ ਸਹਾਇਤਾ ਯੋਜਨਾ ਤਹਿਤ ਕੁੱਲ ਵੰਡੀ ਰਕਮ 3,934.80 ਕਰੋੜ ਰੁਪਏ ਹੋ ਗਈ ਹੈ। ਇਹ ਪਾਰਟੀ ਦਾ ਦਾਅਵਾ ਹੈ, ਸੁਤੰਤਰ ਆਡਿਟ ਦਾ ਨਤੀਜਾ ਨਹੀਂ। ਇਸੇ ਤਰ੍ਹਾਂ 13 ਨਵੰਬਰ ਨੂੰ ਮੁੱਖ ਮੰਤਰੀ ਨੇ ਪੁਰਾਣੇ ਘਰੇਲੂ ਬਿਜਲੀ ਬਿੱਲਾਂ ਦੇ ਵਿਆਜ ਅਤੇ ਜੁਰਮਾਨੇ ਮੁਆਫ਼ ਕਰਨ ਦੀ ਇਕਮੁਸ਼ਤ ਨਿਪਟਾਰਾ ਯੋਜਨਾ ਐਲਾਨੀ। ਸਰਕਾਰ ਮੁਤਾਬਕ ਇਸ ਨਾਲ 24 ਲੱਖ ਤੋਂ ਵੱਧ ਪਰਿਵਾਰਾਂ ਨੂੰ 518 ਕਰੋੜ ਰੁਪਏ ਦੀ ਰਾਹਤ ਮਿਲ ਸਕਦੀ ਹੈ। ਇਸ ਵਿੱਚ ਅਸਲ ਬਕਾਇਆ ਰਕਮ ਦੀ ਅਦਾਇਗੀ ਫਿਰ ਵੀ ਕਰਨੀ ਹੋਵੇਗੀ।

ਅਜਿਹੀ ਸਿੱਧੀ ਰਾਹਤ ਆਮ ਆਦਮੀ ਪਾਰਟੀ ਦੀ ਸਿਆਸੀ ਤਾਕਤ ਦਾ ਅਹਿਮ ਆਧਾਰ ਬਣ ਸਕਦੀ ਹੈ। ਹਾਲਾਂਕਿ ਇਸ ਤੋਂ ਇਹ ਨਤੀਜਾ ਨਹੀਂ ਕੱਢਿਆ ਜਾ ਸਕਦਾ ਕਿ ਹਰ ਲਾਭਪਾਤਰੀ ਉਸੇ ਨੂੰ ਵੋਟ ਪਾਵੇਗਾ ਜਾਂ ਪਾਰਟੀ ਸਿਰਫ਼ ਇਨ੍ਹਾਂ ਸਕੀਮਾਂ ਕਰਕੇ ਹੀ ਮੁਕਾਬਲੇ ਵਿੱਚ ਹੈ। ਵੋਟਰ ਦੀ ਪਸੰਦ ਵਿੱਚ ਉਮੀਦਵਾਰ, ਸਥਾਨਕ ਕੰਮ, ਪਾਰਟੀ ਪ੍ਰਤੀ ਭਰੋਸਾ ਅਤੇ ਬਦਲ ਦੀ ਸਾਖ਼ ਵੀ ਭੂਮਿਕਾ ਨਿਭਾਉਂਦੇ ਹਨ।

ਵਿਰੋਧੀ ਧਿਰ ਨੂੰ ਸਪੱਸ਼ਟ ਕਰਨਾ ਪਵੇਗਾ ਕਿ ਉਹ ਇਹ ਸਹਾਇਤਾ ਜਾਰੀ ਰੱਖੇਗੀ ਤਾਂ ਪੈਸਾ ਕਿੱਥੋਂ ਲਿਆਵੇਗੀ। ਜੇ ਇਸ ਵਿੱਚ ਤਬਦੀਲੀ ਕਰੇਗੀ ਤਾਂ ਕਿਹੜੇ ਪਰਿਵਾਰ ਦੀ ਕਿੰਨੀ ਮਦਦ ਘਟੇਗੀ ਅਤੇ ਕਿਉਂ ? ਇਸੇ ਵੇਲੇ ਸਰਕਾਰ ਨੂੰ ਜਵਾਬ ਦੇਣਾ ਪਵੇਗਾ ਕਿ ਬਿੱਲਾਂ ਦੀ ਰਾਹਤ ਦੇ ਨਾਲ ਰੁਜ਼ਗਾਰ, ਸੁਰੱਖਿਆ ਅਤੇ ਨਸ਼ਿਆਂ ਦੇ ਹੱਲ ਵਿੱਚ ਕਿੰਨੀ ਤਰੱਕੀ ਹੋਈ ਹੈ।

ਪੰਜਾਬ ਦੇ ਲੋਕਾਂ ਨੂੰ ਅੱਜ ਘਰ ਚਲਾਉਣ ਲਈ ਸਹਾਰਾ ਵੀ ਚਾਹੀਦਾ ਹੈ ਅਤੇ ਕੱਲ੍ਹ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦਾ ਮੌਕਾ ਵੀ। ਚੋਣਾਂ ਦੀ ਬਹਿਸ ਇਨ੍ਹਾਂ ਦੋਵਾਂ ਲੋੜਾਂ ਦੁਆਲੇ ਹੋਣੀ ਚਾਹੀਦੀ ਹੈ। ਜਵਾਬਦੇਹੀ ਸਿਰਫ਼ ਸਰਕਾਰ ਦੀ ਨਹੀਂ, ਬਦਲ ਬਣਨ ਦਾ ਦਾਅਵਾ ਕਰਨ ਵਾਲੀਆਂ ਧਿਰਾਂ ਦੀ ਵੀ ਹੈ। ਹੁਣ ਦੇਖਣਾ ਇਹ ਹੈ ਕਿ ਲੋਕ ਟਿਕਟਾਂ ਦੀ ਚਰਚਾ ਤੋਂ ਅੱਗੇ ਵਧ ਕੇ ਆਪਣੇ ਸਵਾਲ ਕਿੰਨੀ ਮਜ਼ਬੂਤੀ ਨਾਲ ਰੱਖਦੇ ਹਨ ਅਤੇ ਸਿਆਸੀ ਧਿਰਾਂ ਉਨ੍ਹਾਂ ਦਾ ਜਵਾਬ ਦੇਣ ਲਈ ਕਿੰਨੀ ਇਮਾਨਦਾਰੀ ਦਿਖਾਉਂਦੀਆਂ ਹਨ।

ਲੇਖਕ - ਆਸਟਰੇਲੀਆ ਤੋਂ ਚੱਲਦੇ ਪੰਜਾਬੀ ਮੀਡੀਆ ਅਦਾਰੇ SeaG Media ltd. (SeaG Australia, SeaG NZ & SeaG Media) ਦਾ ਫਾਊਂਡਰ ਡਾਇਰੈਕਟਰ ਅਤੇ ਐਡੀਟਰ ਹੈ ।

ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ



ਮੁੱਖ ਸੰਪਾਦਕ ਹਰਬੰਸ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ,



Vantage Rise ਵਿੱਚ ਬਿਹਤਰ ਜੀਵਨ-ਸ਼ੈਲੀ ਵੱਲ ਕਦਮ ਵਧਾਓ

VANTAGE RISE

Vantage Rise, ਏਅਰਡਰੀ (Airdrie) ਦਾ ਸਭ ਤੋਂ ਨਵਾਂ ਰਿਹਾਇਸ਼ੀ ਖੇਤਰ ਹੈ, ਜਿਸ ਨੂੰ ਸ਼ਹਿਰੀ ਸਹੂਲਤਾਂ ਅਤੇ ਬਾਹਰੀ ਵਾਤਾਵਰਣ ਦੇ ਸੁਮੇਲ ਨਾਲ ਤਿਆਰ ਕੀਤਾ ਗਿਆ ਹੈ। ਸੋਚ-ਸਮਝ ਕੇ ਯੋਜਨਾਬੱਧ ਕੀਤੇ ਗਏ ਇਸ ਇਲਾਕੇ ਵਿੱਚ ਇੱਕ ਸ਼ਾਨਦਾਰ ਵਪਾਰਕ ਕੇਂਦਰ ਅਤੇ ਉੱਚ-ਗੁਣਵੱਤਾ ਵਾਲੀਆਂ ਬਾਹਰੀ ਥਾਵਾਂ ਸ਼ਾਮਲ ਹੋਣਗੀਆਂ। ਭਾਈਚਾਰਕ ਸਾਂਝ ਅਤੇ ਬਾਹਰੀ ਜੀਵਨ-ਸ਼ੈਲੀ 'ਤੇ ਵਿਸ਼ੇਸ਼ ਧਿਆਨ ਦੇਣ ਕਾਰਨ, Vantage Rise ਏਅਰਡਰੀ ਦੇ ਦੱਖਣ-ਪੱਛਮੀ ਹਿੱਸੇ ਵਿੱਚ ਇੱਕ ਜੀਵੰਤ ਅਤੇ ਸੁਆਗਤ ਕਰਨ ਵਾਲੇ ਨਵੇਂ ਖੇਤਰ ਵਜੋਂ ਉੱਭਰੇਗਾ।

Townhomes from the high	$400s
Laned Homes from the mid	$500s
Front Garage from the low	$700s

liveinvantagerise.com
Reach out to a builder to put your lot on hold!

- Broadview Homes
- McKee Homes
- NuVista Homes
- Shane Homes
- Sterling Homes
- Trico Homes
- StreetSide Developments

WE CREATE LEGACY COMMUNITIES THAT **INSPIRE PRIDE, ENRICH LIVES** AND **ENDURE IN VALUE.**

QUALICO communities

BHINDER EXTERIOR

BHINDER EXTERIORS LTD.

ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?

ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।

ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ

ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।

* ਸਾਨੂੰ ਵਰਕਰਾਂ ਦੀ ਲੋੜ ਹੈ





All kind of Exterior Service

* Siding
* Soffit
* Fascia
* Cedar
* Smart Board
* Paper Wire
* Stucco & Roofing
* Eavestrough

FREE Estimate

Call: 403 680 0436
Email: sandeeptoor72@gmail.com



Tarksheel Society (Surrey, Canada) *in collaboration with* **Indo-Canadian Senior Centre (Surrey)**



is launching an initiative to assist pensioners of the Government of India in creating

FREE Digital Life Certificates

and submitting them to their respective banks.



Starting November 1st

Please call for further information.

Surrey and Vancouver:
Paramjit Singh Sidhu, Secretary, Tarksheel Society
778-863-5911
Karamjit Singh Purba, Tarksheel Society
604-763-2435

Chilliwack:
Hardial Singh
Tarksheel Society
+1-778-552-6422

Calgary:
Gopal Singh Kaunke
Vice President, Tarksheel Society Calgary
+1-403-970-3588

Winnipeg:
Malkit Singh Jagraon
P: +1 (431) 998-5138

Edmonton:
Amandeep Kaur
Social Worker
+1-647-868-4323

Brampton:
Suba Singh Bajwa
Social Worker
+1-416-666-4959

Balwinder Singh Gill
Social Worker
+1-647-533-8980

Devinder Singh Toor
Cheif Editor
Sarokaran Di Awaz
+1-416-902-9372

Let us together ensure that our senior citizens get their life certificates hassle-free and on time!

ਕਾਰਜ਼ੀ ਵਿਚੋਲਪੁਣਾ

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
Email: punjabiakhbaar@gmail.com
403 640 2000

ਜੀਵਨ ਸਾਥੀ ਦੀ ਲੋੜ

ਕੈਨੇਡਾ ਵਿਜ਼ਟਰ ਵੀਜ਼ਾ ਉੱਪਰ ਆਈ ਲੜਕੀ ਉਮਰ 47 ਸਾਲ,ਵਿਧਵਾ,ਕੋਈ ਬੱਚਾ ਨਹੀਂ ਹੈ,ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੀ ਲੋੜ ਹੈ । ਸੰਪਰਕ: 403 436 0083 ***309***3***

ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ,ਜੱਟ ਸਿੱਖ ਗਿੱਲ ਪਰਿਵਾਰ ਦੇ (ਵਿਨੀਪੈੱਗ) ਕੈਨੇਡਾ ਰਹਿੰਦੇ ਲੜਕੇ ਜਨਮ 1998,ਕੱਦ 5 ਫੁੱਟ 10 ਇੰਚ, ਪੋਸਟ ਗਰੈਜੂਏਟ ਅਤੇ ਇਨਫਾਰਮੇਸ਼ਨ ਟੈਕਨੋਲੋਜੀ ਆਈ ਟੀ ਡਿਪਲੋਮਾਂ ਹੋਲਡਰ,ਚੰਗੀ ਜੌਬ ਕਰਦੇ ਲਈ ਪੀ ਆਰ ਜਾਂ ਬੀ ਐਸ ਸੀ ਨਰਸਿੰਗ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈਗ ਅਤੇ ਮਾਲਵਾ ਇਲਾਕੇ ਨੂੰ ਪਹਿਲ । ਸੰਪਰਕ: +1204 698 7049 ***305***1***

ਲੜਕੀ ਦੀ ਲੋੜ

ਕੈਨੇਡਾ ਦੇ ਐਡਮਿੰਟਨ ਸਹਿਰ ਰਹਿੰਦੇ,ਚੰਗੀ ਮਾਲੀ ਹਾਲਤ ਵਾਲੇ ਗਰੇਵਾਲ ਜੱਟ ਸਿੱਖ ਪਰਿਵਾਰ ਦੇ ਲੜਕੇ ਜਨਮ 1991,ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ: ਆਈ ਟੀ ਆਈ ਡੀਜਲ ਮਕੈਨਿਕ, ਹੁਣ ਆਪਣਾ ਬਿਜਨਿਸ ਕਰਦੇ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਐਲ ਐਮ ਆਈ ਵਾਲੀ ਜਾਂ ਐਲ ਐਮ ਆਈ ਦੀ ਲੋੜ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੋਈ ਜਾਤੀ ਬੰਧਨ ਨਹੀਂ ਹੈ। ਲੜਕਾ ਇਕੱਲਾ ਹੀ ਇੱਥੇ ਬਾਕੀ ਸਾਰਾ ਪਰਿਵਾਰ ਇੰਡੀਆ ਵੈਲ ਸੈਟਲਡ ਹੈ। ਸੰਪਰਕ: 1 780 504 9695, 1 306 941 0110 ਜਾਂ ਈ ਮੇਲ: avirajgrewal@yahoo.com ***309***3***

ਲੜਕੇ ਦੀ ਲੋੜ

ਕੈਨੇਡੀਅਨ, ਜੱਟ ਸਿੱਖ ਲੜਕੀ ਜਨਮ 1982, ਕੱਦ 5 ਫੁੱਟ 6 ਇੰਚ, ਐਮ ਏ ਪੜੀ ਲਿਖੀ ਲਈ ਕੈਨੇਡਾ ਵਿੱਚ ਹੀ ਰਹਿੰਦੇ ਜੱਟ ਸਿੱਖ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 891 3435 ***308***3***

ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਖੈਹਿਰਾ ਪਰਿਵਾਰ ਦੀ ਲੜਕੀ, ਉਮਰ 34 ਸਾਲ, ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ: ਬੀ ਐਸ ਸੀ ਨਰਸਿੰਗ,(ਪੰਜਾਬ) , ਕਮਿਊਨਿਟੀ ਮੈਂਟਲ ਹੈਲਥ ਨਰਸਿੰਗ ਵਿੱਚ ਪੋਸਟ ਗਰੈਜੂਏਸ਼ਨ ਅਤੇ ਹੈਲਥ ਕੇਅਰ ਏਡ ਐਂਡ ਯੂਨਿਟ ਕਲਰਕ (ਕੈਨੇਡਾ) ਲਈ ਹਾਣ ਪਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ: 1 587 837 2592 ***308***3***

ਲੜਕੇ ਦੀ ਲੋੜ

ਸੈਣੀ ਸਿੱਖ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ, ਜਨਮ ਅਕਤੂਬਰ 1988,ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ : MA, B.Ed. and Cosmetology (Beautician) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਜਾਤ ਪਾਤ ਦਾ ਕੋਈ ਬੰਧਨ ਨਹੀਂ। ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਅਤੇ ਯੂ ਐਸ ਏ ਸੈਟਲ ਹੈ । ਸੰਪਰਕ:+1 (403) 498-5719 ***307***3***

ਲੜਕੀ ਦੀ ਲੋੜ

ਰਾਮਗੜੀਆ ਭੇਲੇ ਖੱਤੀ ਪਰਿਵਾਰ ਕੈਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਲੜਕੇ ਉਮਰ 27 ਸਾਲ, ਕੱਦ 5 ਫੁੱਟ 8 ਇੰਚ,ਵਿਦਿਅਕ ਯੋਗਤਾ: (ਬੀ ਬੀ ਏ) ਹੈਵੀ ਡਿਊਟੀ ਟਰੱਕ ਅਲਾਈਨਮੈਂਟ ਕੋਰਸ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 437 881 0708 ਜਾਂ ਈ ਮੇਲ: miakashdeep@gmail.com ***307***3***

ਲੜਕੀ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੇ ਕੈਨੇਡਾ ਵਿੱਚ ਵਰਕ ਪਰਮਿਟ ਉੱਪਰ ਰਹਿੰਦੇ ਲੜਕੇ ਜਨਮ 2000,ਕੱਦ 5 ਫੁੱਟ 11 ਇੰਚ,ਜਨਰਲ ਬਿਜਨੈਸ ਡਿਪਲੋਮਾ ਹੋਲਡਰ,ਟਰੱਕਿੰਗ ਦੀ ਜੌਬ ਕਰਦੇ ਲਈ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ:1647 897 9762 ***307***3***

ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗਿੱਲ ਪਰਿਵਾਰ ਦੀ ਤਲਾਕਸੁਦਾ, ਵੈਜੀਟੇਰੀਅਨ ਲੜਕੀ ਜਨਮ 1991(ਇੰਡੀਆ),ਕੱਦ 5 ਫੁੱਟ 2 ਇੰਚ, ਵਿਦਿਅਕ ਯੋਗਤਾ: ਪਰਸੂਇੰਗ ਫੈਮਿਲੀ ਨਰਸ ਪ੍ਰੈਕਟੀਸਨਰ(ਐਫ ਐਨ ਪੀ) ਕਿੱਤਾ ਰਜਿਸਟਰਡ ਨਰਸ, ਇਸ ਵੇਲੇ ਕੌਲਰੋਡੋ(ਅਮਰੀਕਾ) ਵਿੱਚ ਰਹਿੰਦੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 1 403 700 1717 ਜਾਂ ਈ ਮੇਲ: gurbirg@gmail.com ***307***3***

ਲੜਕੇ ਦੀ ਲੋੜ

Ramgarhia Sikh parents seeking a match for their India born daughter, Canadian PR, born 1995, 5' 7", MSc Math from India, master's in supply chain management in Canada. Boy should be well educated well mannered and well settled in Canada with good moral values. Calgary and nearby preferred. Upper caste welcomed. Contact: +91 98153 11566 or email: singhshaifali48@gmail.com ***309***3***

ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਪਰਿਵਾਰ ਦੇ ਕੈਨੇਡਾ ਵਰਕ ਪਰਮਿਟ ਉੱਪਰ ਆਏ ਲੜਕੇ ਉਮਰ 32 ਸਾਲ, ਕੱਦ 5 ਫੁੱਟ 5 ਇੰਚ, ਪੰਜਾਬ ਯੂਨੀਵਰਿਸਟੀ ਚੰਡੀਗੜ੍ਹ ਤੋਂ ਬੀ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀ। ਤਲਾਕਸੁਦਾ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਵੱਡਾ ਭਰਾ ਅਤੇ ਭੈਣ ਕੈਨੇਡਾ ਵਿੱਚ ਹੀ ਪੱਕੇ ਤੌਰ 'ਤੇ ਸੈਟਲ ਆਪੋ ਆਪਣੇ ਘਰਾਂ ਦੇ ਮਾਲਕ ਹਨ। ਸੰਪਰਕ :1 587 897 2737 ਜਾਂ 1 403 925 0642 ***306***3

ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਰਾਮਗੜ੍ਹੀਆ (ਸੱਗੂ/ਮਠਾੜੂ) ਪਰਿਵਾਰ ਦੇ ਲੜਕੇ ਜਨਮ 1998,ਕੱਦ 5 ਫੁੱਟ 10 ਇੰਚ,ਐਜੂਕੇਸ਼ਨ: ਬੈਚੂਲਰ ਆਫ ਆਰਟਸ, ਫਰੇਮਿੰਗ ਦਾ ਬਿਜਨਿਸ ਕਰਦੇ ਲਈ,ਹਾਣ ਪਰਵਾਣ ਦੀ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1587 437 9484 ਜਾਂ 403 361 1790 ***306***3

ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ,ਨਸ਼ਿਆਂ ਤੋਂ ਰਹਿਤ, ਆਪਣਾ ਕਾਰੋਬਾਰ ਕਰਦੇ, ਸੰਘਾ ਪਰਿਵਾਰ ਚੋਂ ਘਰਵਾਲੀ ਤੋਂ ਅਲੱਗ ਰਹਿੰਦੇ,ਉਮਰ 58 ਸਾਲ, ਕੱਦ 5 ਫੁੱਟ 8 ਇੰਚ, ਲਈ ਜੀਵਨ ਸਾਥਣ ਦੀ ਲੋੜ ਹੈ। ਜਾਤ ਦਾ ਕੋਈ ਬੰਧਨ ਨਹੀਂ। ਤਲਾਕ ਸੁਦਾ ਜਾਂ ਵਿਧਵਾ ਹੋਈ ਜੀਵਨ ਸਾਥਣ ਦੀ ਉਮਰ 50 ਸਾਲ ਤੋਂ ਘੱਟ ਨਾ ਹੋਵੇ। ਕੈਨੇਡਾ ਜਾਂ ਇੰਡੀਆ ਤੋਂ ਬੱਚੇ ਸਮੇਤ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 718 7234 ***305***3***

ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਪਰਿਵਾਰ ਦੇ ਲੜਕੇ ਜਨਮ 2002,ਕੱਦ 5 ਫੁੱਟ 11 ਇੰਚ, ਬਿਜ਼ਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਮਾਲਵਾ ਖੇਤਰ ਨੂੰ ਪਹਿਲ । ਸੰਪਰਕ:+1 (639) 916-1637 ***305***3***

ਲੜਕੇ ਦੀ ਲੋੜ

ਰਾਮਗੜੀਆ ਸਿੱਖ ਪਰਿਵਾਰ ਦੀ ਇੰਡੀਆ ਰਹਿੰਦੀ ਸੋਹਣੀ ਸੁਨੱਖੀ ਲੜਕੀ ਜਨਮ 1987,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਐਮ ਸੀ ਏ ,ਆਈ ਟੀ ਕੰਪਨੀ ਵਿੱਚ ਸੋਫਟਵੇਅਰ ਡਿਵੈਲਪਰ ਦੀ ਜੌਬ ਕਰਦੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਪਿਤਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਿਲਾ ਅਦਾਲਤ ਵਿੱਚ ਵਕਾਲਤ ਕਰਦੇ ਹਨ। ਸੰਪਰਕ: 403 472 7764 ਜਾਂ 91 70097 18886 ***305***3***

ਲੜਕੀ ਦੀ ਲੋੜ

ਪੰਜਾਬ (ਫਗਵਾੜਾ) ਰਹਿੰਦੇ ਬੰਗੜ ਪਰਿਵਾਰ ਦੇ ਲੜਕੇ,ਉਮਰ 31 ਸਾਲ,ਕੱਦ 5 ਫੁੱਟ 8 ਇੰਚ,ਬੀ ਟੈੱਕ ਕੰਪਿਊਟਰ ਇੰਜੀਨੀਅਰ ਆਈ ਟੀ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਪਿਤਾ ਕਲਾਸ 1 ਅਫ਼ਸਰ ਰਿਟਾਇਰ ਹੋਇਆ ਹੈ ਅਤੇ ਭੈਣ ਡਾਕਟਰ ਹੈ । ਸੰਪਰਕ:91 9814712244 ***305***3***

ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਪੰਜਾਬ ਦੇ ਖੰਨਾ ਇਲਾਕੇ ਨਾਲ ਸਬੰਧਿਤ ਐਡਮਿੰਟਨ ਵਿਖੇ ਘਰਾਂ ਦੀ ਫਰੇਮਿੰਗ ਦਾ ਆਪਣਾ ਕਾਰੋਬਾਰ ਕਰਦੇ, ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ,ਜਨਮ 2001, ਕੱਦ 6 ਫੁੱਟ,ਪਲੱਸ 2 ਨਾਨ ਮੈਡੀਕਲ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਮਕਾਨ ਹੈ। ਸੰਪਰਕ: Email- sahibmann076@gmail.com ***304***3

ਲੜਕੀ ਦੀ ਲੋੜ

ਪੰਜਾਬ ਰਹਿੰਦੇ ਧਾਲੀਵਾਲ ਪਰਿਵਾਰ ਦੇ ਟੋਇਟਾ ਆਟੋਮੋਬਾਈਲ ਵਿਖੇ ਬਾਡੀ ਸਾਪ ਐਡਵਾਈਜਰ ਦੀ ਚੰਗੀ ਨੌਕਰੀ ਕਰਦੇ ਲੜਕੇ ਜਨਮ 1992,ਕੱਦ 5 ਫੁੱਟ 10 ਇੰਚ, ਮਕੈਨੀਕਲ ਇੰਜੀਨੀਅਰ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਧਵਾ ਜਾਂ ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦਾ ਪਿਤਾ ਸਰਕਾਰੀ ਜੌਬ ਤੋਂ ਰਿਟਾਇਰਡ ਅਤੇ ਭਰਾ ਯੂਕੇ ਵਿੱਚ ਪੱਕੇ ਤੌਰ ਤੇ ਰਹਿ ਰਿਹਾ ਹੈ। ਸੰਪਰਕ: 91 7009758858 ***304***3

ਲੜਕੇ ਦੀ ਲੋੜ

Jatt Sikh parents seeking suitable match for their Indian born daughter, Canadian citizen, Dec 1986 born, 5' 1.5" feet, B. Tech & MBA, working in a leading company in management role. Boy should be well educated of good moral values either doing decent job or business. Cell no./Whatsapp +1 587 434 0817 ***306***rana*

ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1999,ਕੱਦ 5 ਫੁੱਟ 5 ਇੰਚ,Education background ABth (Anees school Mohali.) Gcg college AA sector Chandigarh (B.A) Conestoga college Waterloo Canada (hospitality management and business management. ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ । ਲੜਕੀ ਸਾਲ 2022 ਵਿੱਚ ਕੈਨੇਡਾ ਸਟੂਡੈਂਟ ਵੀਜ਼ਾ ਉੱਪਰ ਆਈ ਸੀ ਅਤੇ ਹੁਣ ਵਰਕ ਪਰਮਿਟ ਉੱਪਰ ਹੈ । ਲੜਕੀ ਦਾ ਪਿਤਾ ਸਰਕਾਰੀ ਬੈਂਕ ਮੈਨੇਜਰ ਰਿਟੈਰਿਡ ਹੈ । ਲੜਕੀ ਦਾ ਇੱਕ ਭਰਾ ਕੈਨੇਡੀਅਨ ਸਿਟੀਜ਼ਨ ਹੈ ਜੋ ਵਿਆਹਿਆ ਹੋਇਆ ਹੈ ਅਤੇ ਲੜਕੀ ਇਸ ਵੇਲੇ ਉਸ ਕੋਲ ਹੀ ਰਹਿ ਰਹੀ ਹੈ । WhatsApp ਸੰਪਰਕ: 91 98724 26732 ***306**k**

ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 306*Roop**

ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***315 rao***

ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈਂਟਲ ਹਨ ਜੋ ਕਿ ਲੜਕੇ ਨੂੰ ਸੈਂਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

ਘਰੇਲੂ ਕੰਮ ਕਰਨ ਲਈ ਔਰਤ ਦੀ ਲੋੜ

ਚੈਸਟਰਮੀਅਰ ਰਹਿੰਦੇ ਚੰਗੇ ਪੜ੍ਹੇ-ਲਿਖੇ ਪੰਜਾਬੀ ਪਰਿਵਾਰ ਨੂੰ ਘਰ ਅੰਦਰ ਪਰਿਵਾਰਕ ਮੈਂਬਰਾਂ ਜਿਹੇ ਮਾਹੌਲ ਵਿੱਚ ਕੰਮ ਕਰਨ ਲਈ ਔਰਤ ਦੀ ਲੋੜ ਹੈ। ਜੇਕਰ ਆਉਣ ਜਾਣ ਦੀ ਤਕਲੀਫ ਹੈ ਤਾਂ ਜੋੜਾ ਜਾਂ ਇਕੱਲੀ ਔਰਤ ਸਾਡੇ ਘਰ ਰਹਿ ਵੀ ਸਕਦੀ ਹੈ।

ਸੰਪਰਕ: 403 975 0128

ਰਸੋਈਏ ਦੀ ਲੋੜ ਹੈ

ਸਿੱਖ ਸੁਸਾਇਟੀ ਆਫ਼ ਸਸਕੈਚਵਨ ਨੂੰ ਇੱਕ ਤਜਰਬੇਕਾਰ ਤੇ ਮਿਹਨਤੀ ਰਸੋਈਏ ਦੀ ਲੋੜ ਹੈ।

ਯੋਗਤਾ: ਪੰਜਾਬੀ ਤੇ ਉੱਤਰੀ ਭਾਰਤੀ ਖਾਣੇ ਪਕਾਉਣ ਦਾ ਤਜਰਬਾ, ਵੱਡੀ ਗਿਣਤੀ ਲਈ ਖਾਣਾ ਤਿਆਰ ਕਰਨ ਦੀ ਸਮਰੱਥਾ, ਕੈਨੇਡਾ ਵਿੱਚ ਕੰਮ ਕਰਨ ਦੀ ਕਾਨੂੰਨੀ ਯੋਗਤਾ--

ਜ਼ਿੰਮੇਵਾਰੀਆਂ: ਰੋਜ਼ਾਨਾ ਤੇ ਖ਼ਾਸ ਮੌਕਿਆਂ ਦੇ ਸਮਾਗਮਾਂ ਲਈ ਖਾਣਾ ਤਿਆਰ ਕਰਨਾ, ਰਸੋਈ ਦਾ ਸਮਾਨ ਤੇ ਰਾਸ਼ਨ ਸੰਭਾਲਣਾ, ਸੇਵਾਦਾਰਾਂ ਨਾਲ ਤਾਲਮੇਲ ਰੱਖਣਾ, ਕੀਰਤਨ ਅਤੇ ਤਬਲਾ ਜਾਣਦਾ ਹੋਵੇ, **ਸੰਪਰਕ: 306 261-7373**



**Skyview Seniors Welfare Association Cal

ਕਲਮੀ ਸੱਥ

ਦੱਸੋ ਵੇ ਲੋਕੋ ਹੁਣ ਪਗਲੀ ਮੈਂ ਕਿੱਧਰ ਨੂੰ ਜਾਵਾਂ

ਕਰਨੈਲ ਸਿੰਘ ਪਾਰਸ ਰਾਮੂਵਾਲੀਆ

ਵੇ ਸੰਸਾਰਾ ਅੱਲ੍ਹੇ ਘਾਹ ਹੁਣ, ਚੂੰਡੀ ਨਮਕ ਨਾ ਸਹਿੰਦੇ
ਉਹ ਆਖਣਗੇ ਸਿੱਖੜੀ ਆ ਗਈ, ਇਹ ਹਨ ਮੁਸਲੀ ਕਹਿੰਦੇ
ਹਿੰਦ ਪਾਕਿ ਦੀਆਂ ਲੱਗਣ ਮੈਨੂੰ, ਦੋਵੇਂ ਦੋਜ਼ਕ ਥਾਵਾਂ
ਦੱਸੋ ਵੇ ਲੋਕੋ ਹੁਣ ਪਗਲੀ ਮੈਂ ਕਿੱਧਰ ਜਾਵਾਂ

ਪਹਿਲੇ ਵਿਆਹ ਵੇਲੇ ਲਾ ਗੀਝਾਂ, ਮਾਪਿਆਂ ਸਹੁਰੀਂ ਘੱਲੀ
ਦੂਜਾ ਅਧਖੜ ਨਵਾਂ ਨਹਿੰਗ ਨੇ, ਕਰ ਲਿਆ ਮੱਲੋ ਮੱਲੀ
ਪਾਕਿ ਨਿਕਾਹ ਸੀ ਕਾਜ਼ੀ ਪੜ੍ਹਿਆ, ਭਾਈ ਜੀ ਨੇ ਲਾਵਾਂ
ਦੱਸੋ ਵੇ ਲੋਕੋ ਹੁਣ ਪਗਲੀ ਮੈਂ ਕਿੱਧਰ ਨੂੰ ਜਾਵਾਂ

ਓਧਰ ਜੇਠਾ ਸ਼ੇਰ ਮੁਹੰਮਦ, ਅੱਖਾਂ ਚੁੱਕ ਉਡੀਕੇ
ਇੱਧਰ ਕੇਹਰੂ ਖ਼ੂਨ ਸੱਜਰਾ, ਖੜ੍ਹਾ ਸਾਹਮਣੇ ਚੀਖੇ
ਸ਼ਹਿਦ ਅਤੇ ਮਿਸ਼ਰੀ 'ਚੋਂ ਕਿਸ ਨੂੰ, ਛੱਡਾਂ ਕਿਸ ਨੂੰ ਖਾਵਾਂ
ਦੱਸੋ ਵੇ ਲੋਕੋ ਹੁਣ ਪਗਲੀ ਮੈਂ ਕਿੱਧਰ ਨੂੰ ਜਾਵਾਂ

ਦੋਵੇਂ ਟੋਟੇ ਜਿਗਰ ਦਿਆਂ 'ਚੋਂ, ਕੋਈ ਨਾ ਦੁਪਿਆਰਾ
ਓਧਰਲਾ ਹੈ ਚੰਨ ਈਦ ਦਾ, ਇਹ ਸਰਘੀ ਦਾ ਤਾਰਾ
ਜ਼ਖਮੀ ਦਿਲ ਇੱਕੋ ਮੈਂ ਪਾਪਣ, ਕਿਸ ਦੀ ਝੋਲੀ ਪਾਵਾਂ
ਦੱਸੋ ਵੇ ਲੋਕੋ ਹੁਣ ਪਗਲੀ ਮੈਂ ਕਿੱਧਰ ਨੂੰ ਜਾਵਾਂ

ਪੁੱਤ ਨਾ ਵਿਕਦੇ ਉੜਦ ਬਜ਼ਾਰੀਂ, ਨਾ ਹੀਰਿਆਂ ਦੀ ਮੰਡੀ
ਮਾਂ ਦੀ ਮਮਤਾ ਰੱਸੀਆਂ ਧਰ ਕੇ, ਕਦੇ ਨਾ ਜਾਂਦੀ ਵੰਡੀ
ਲੋਚਾਂ ਵੱਡਾ ਚੜ੍ਹੇ ਕੰਧੇੜੇ, ਛੋਟਾ ਗੋਦ ਖਿਡਾਵਾਂ
ਦੱਸੋ ਵੇ ਲੋਕੋ ਹੁਣ ਪਗਲੀ ਮੈਂ ਕਿੱਧਰ ਨੂੰ ਜਾਵਾਂ

ਸਾਰੀ ਧਰਤੀ ਦਿਸੇ ਮਾਤਮੀਂ, ਥਾਂ-ਥਾਂ ਵਿਛਿਆ ਸੱਥਰ
ਕੁੱਖ ਕੁਲਿਹਣੀ ਵਿੱਚ ਪਣਪਦਾ, ਹੈ ਨਵ ਚੇਤਨ ਪੱਥਰ
ਇੱਧਰ ਪਣਪਿਆ ਓਧਰ ਉਪਜੂ, ਕਿਸਦੀ ਅਣਸ ਲਿਖਾਵਾਂ
ਦੱਸੋ ਵੇ ਲੋਕੋ ਹੁਣ ਪਗਲੀ ਮੈਂ ਕਿੱਧਰ ਨੂੰ ਜਾਵਾਂ

ਕਲਮਾਂ ਅਤੇ ਨਿਮਾਜ਼ ਨਾ ਭੁੱਲੀ, ਜਪੁਜੀ ਵੀ ਹੁਣ ਚੇਤੇ
ਜਿਸ ਵਿੱਚ ਲਿਖਿਆ ਅੰਧ ਘੋਰ ਤੇ, ਮਹਾਂ ਮੂਰਖ ਹਨ ਕੇਤੇ
ਦੋ ਮਜ਼ਬਾਂ ਦੀ ਗ੍ਰਿਫਤ ਵਿੱਚੋਂ, ਪੱਲਾ ਕਿਵੇਂ ਛੁਡਾਵਾਂ
ਦੱਸੋ ਵੇ ਲੋਕੋ ਹੁਣ ਪਗਲੀ ਮੈਂ ਕਿੱਧਰ ਨੂੰ ਜਾਵਾਂ

ਦੋ ਤਰਫੀ ਨੇਤਿਆਂ ਨੂੰ ਚੜ੍ਹਗੀ, ਦੀਨ ਧਰਮ ਦੀ ਚੰਡੀ
ਦੋ ਕੌਮਾਂ ਦਾ ਝਗੜਾ ਪਾ ਕੇ, ਸਾਂਝੀ ਧਰਤੀ ਵੰਡੀ
ਗਾਂਧੀ ਅਤੇ ਜਿਨਾਂਹ ਦੀ ਕੱਢੀ, ਕੰਧ ਕਿਸ ਤਰ੍ਹਾਂ ਢਾਵਾਂ
ਦੱਸੋ ਵੇ ਲੋਕੋ ਹੁਣ ਪਗਲੀ ਮੈਂ ਕਿੱਧਰ ਨੂੰ ਜਾਵਾਂ

ਔਹ ਜੋ ਪਾਕਿਸਤਾਨੀ ਫ਼ੌਜੀ, ਆਏ ਮੈਨੂੰ ਢੂੰਡਣ
ਕੀ ਭਰਵਾਸਾ ਭੁੱਖੇ ਗਿਰਝੇ, ਰਾਹ ਵਿੱਚ ਹੱਡੀਆਂ ਚੁੰਡਣ
'ਪਾਰਸ' ਬਚਿਆ ਗੋਸ਼ਤ ਜਾਣਾ, ਖਾ ਕੁੱਤਿਆਂ ਤੇ ਕਾਵਾਂ
ਦੱਸੋ ਵੇ ਲੋਕੋ ਹੁਣ ਪਗਲੀ ਮੈਂ ਕਿੱਧਰ ਨੂੰ ਜਾਵਾਂ

ਗੁਰਪੁਰਬ ਤੇ ਵਿਸ਼ੇਸ਼

ਛੇੜ ਮਰਦਾਨਿਆਂ ਰਬਾਬ..(ਗੀਤ)

ਤਪਦੀ ਲੋਕਾਈ ਤਾਂਈਂ ਠੰਢ ਵਰਤਾਈਏ।
ਛੇੜ ਮਰਦਾਨਿਆਂ ਰਬਾਬ ਬਾਣੀ ਆਈ ਏ।

ਜੱਗ ਦੀਆਂ ਪੀੜਾਂ ਹੁਣ ਜਾਂਦੀਆਂ ਨਾ ਥੰਮ੍ਹੀਆਂ,
ਕਰਨੀਆਂ ਪੈਣੀਆਂ ਉਦਾਸੀਆਂ ਨੇ ਲੰਮੀਆਂ।
ਰੱਬੀ ਫੁਰਮਾਨ ਜਾ ਕੇ ਲੋਕਾਂ ਨੂੰ ਸੁਣਾਈਏ
ਛੇੜ

ਕਿਸੇ ਠਗ ਸੱਜਣਾਂ ਦਾ ਭੇਸ ਹੈ ਬਣਾ ਲਿਆ,
ਭੋਲੇ ਭਾਲੇ ਲੋਕਾਂ ਨੂੰ ਹੈ ਜਾਲ਼ 'ਚ ਫਸਾ ਲਿਆ।
ਕੌਡੇ ਜਿਹੇ ਰਾਖਸ਼ਾਂ ਨੂੰ ਸਿੱਧੇ ਰਾਹੇ ਪਾਈਏ
ਛੇੜ

ਕਿਰਤੀ ਹਾਂ ਆਪਾਂ ਅਤੇ ਲਾਲੋ ਸਾਡਾ ਭਾਈ ਏ,
ਵੱਡਿਆਂ ਦੀ ਦੋਸਤੀ ਨਾ ਸਾਨੂੰ ਰਾਸ ਆਈ ਏ।
ਭਾਗੋ ਦਿਆਂ ਪੂੜਿਆਂ ਨੂੰ ਆਪਾਂ ਠੁਕਰਾਈਏ
ਛੇੜ

ਕੂੜ ਦਾ ਹੀ ਚਾਰੇ ਪਾਸੇ ਚੜ੍ਹਿਆ ਗੁਬਾਰ ਹੈ,
ਪਾਪਾਂ ਵਾਲੀ ਮੈਲ਼ ਨਾਲ ਮਚੀ ਹਾਹਾਕਾਰ ਹੈ।
ਸਤਿ ਕਰਤਾਰ ਵਾਲਾ ਨਾਦ ਵਜਾਈਏ
ਛੇੜ ...

ਚਾਰੇ ਹੀ ਦਿਸ਼ਾਵਾਂ ਵੱਲ ਜਾਣ ਦਾ ਸਬੱਬ ਹੈ,
ਇੱਕ ਥਾਂ ਨਹੀਂ ਰਹਿੰਦਾ ਕਣ ਕਣ ਵਿੱਚ ਰੱਬ ਹੈ।
'ਦੀਸ਼' ਜਿਹੇ ਭੁੱਲੜਾਂ ਨੂੰ ਰਸਤਾ ਦਿਖਾਈਏ
ਛੇੜ

ਬਾਬਾ ਨਾਨਕ ਤੇਰੇ ਲੋਕ

ਜਾ ਬੈਠੇ ਨੇ ਡੇਰੇ ਲੋਕ।
ਬਾਬਾ ਨਾਨਕ ਤੇਰੇ ਲੋਕ।

ਤੂੰ ਤਾਂ ਇੱਕੋ ਦੇ ਲੜ ਲਾਇਆ,
ਬਣ ਗਏ ਸੰਤ ਬਥੇਰੇ ਲੋਕ।

ਲਾਲੋ ਹੁਣ ਢੂੰਡੇ ਨਾ ਲੱਭਣ,
ਭਾਗੋ ਚਾਰ ਚੁਫੇਰੇ ਲੋਕ।

ਇਕ ਦੂਜੇ ਦੀ ਨਿੰਦਿਆ ਚੁਗਲੀ,
ਬਹਿ ਕੇ ਕਰਨ ਬਨੇਰੇ ਲੋਕ।

ਰਾਤੀਂ ਚਲਦੇ ਗਾਣੇ ਨਾਚ,
ਉੱਠ ਨਾ ਸਕਣ ਸਵੇਰੇ ਲੋਕ।

ਜੋਤਸ਼ੀਆਂ ਦੇ ਖੀਸੇ ਭਰਦੇ,
ਵਹਿਮਾਂ ਭਰਮਾਂ ਘੇਰੇ ਲੋਕ।

ਦੋ ਦਿਨ ਪਿੱਛੋਂ ਵੱਖ ਹੋ ਜਾਂਦੇ,
ਲੈ ਪਵਿੱਤਰ ਫੇਰੇ ਲੋਕ।

ਤੂੰ ਤਾਂ ਕੀਤੀ ਸ਼ਬਦ ਦੀ ਲੋਅ,
ਬੈਠੇ ਫਿਰ ਵੀ ਨ੍ਹੇਰੇ ਲੋਕ।

'ਦੀਸ਼' ਕਹੇ ਤੇਰੀ ਸਿੱਖਿਆ ਨੂੰ,
ਸਮਝਣ ਨਾ ਇਹ ਮੇਰੇ ਲੋਕ।

ਗੁਰਦੀਸ਼ ਕੌਰ ਗਰੇਵਾਲ- ਕੈਲ਼ਗਰੀ- ਕੈਨੇਡਾ
+1 403 404 1450

ਆਈ ਦੀਵਾਲੀ ਆ ਵੇ ਜੋਗੀ

ਕੋਈ ਐਸਾ ਦੀਪ ਬਣਾ ਵੇ ਜੋਗੀ

ਸਾਝਾਂ ਦੀ ਕਿਤੋਂ ਲਿਆਕੇ ਮਿੱਟੀ
ਚਾਵਾਂ ਦਾ ਪਾਣੀ ਪਾ ਵੇ ਜੋਗੀ

ਪਾਕੇ ਤੇਲ ਮੁਹੱਬਤਾਂ ਵਾਲਾ
ਪਿਆਰ ਦੀ ਬੱਤੀ ਜਗਾ ਵੇ ਜੋਗੀ

ਬਨੇਰੇ ਸਭ ਰੌਸ਼ਨ ਹੋ ਜਾਵਣ
ਜਾਵੇ ਅੰਦਰ ਵੀ ਰੁਸ਼ਨਾ ਵੇ ਜੋਗੀ

ਫੁਲਝੜੀ ਖੁਸ਼ੀਆਂ ਦੀ ਲਿਆ ਕੇ
ਸਭ ਬੱਚਿਆਂ ਹੱਥ ਫੜਾ ਵੇ ਜੋਗੀ

ਇੱਕ ਮਾਈ ਤੇਰੇ ਘਰ ਕੰਮ ਕਰਦੀ
ਉਹਨੂੰ ਘੁੱਟ ਕੇ ਜੱਫੀ ਪਾ ਵੇ ਜੋਗੀ

ਸੁਗਾਤਾਂ ਨਾਲ ਐਨੀ ਝੋਲੀ ਭਰਦੇ
ਕਿ ਉਹ ਤੈਨੂੰ ਦੇਵੇ ਦੁਆ ਵੇ ਜੋਗੀ

ਘਰ ਘਰ ਖੀਰਾਂ ਪੂੜੇ ਪੱਕਣ
ਬੱਸ ਏਹੀ ਅਲਖ ਜਗਾ ਵੇ ਜੋਗੀ

ਹਰ ਘਰ ਜਾਕੇ ਮਿਲ ਜੱਫੀਆਂ ਪਾਕੇ
ਤੂੰ ਇੰਝ ਦਵਾਲੀ ਮਨਾ ਵੇ ਜੋਗੀ

ਸੋਹਣ ਭੁੱਚੋ ਵਾਲਾ

ਦੀਵਾਲ਼ੀ ਇੰਝ ਮਨਾਈਂ

ਪਿੰਡ ਜਾਣ ਵਾਲ਼ਿਆ ਮੁੰਡਿਆ ਮੇਰੀ ਇਕ ਗੱਲ ਸੁਣਦਾ ਜਾਈਂ

ਜਾਣ ਸਾਰ ਇਕਾਗਰ ਹੋ ਕੇ ਤੂੰ ਗੁਰਾਂ ਦਾ ਨਾਮ ਧਿਆਈਂ

ਖੇਤਾਂ ਦੀ ਇਕ ਵੱਟ 'ਤੇ ਬਹਿ ਕੇ ਲੋਕਾਂ ਦਾ ਇਕ ਗੀਤ ਬਣਾਈਂ

ਭਟਕੇ ਹੋਏ ਗੱਭਰੂਆਂ ਨੂੰ ਬਾਹੋਂ ਫੜ ਕੇ ਰਾਹ ਦਿਖਾਈਂ

ਬੁਝੇ ਚੁੱਲ੍ਹਿਆਂ ਮੂਹਰੇ ਬਹਿ ਕੇ ਵਿਚ ਗੀਤਾਂ ਦੀ ਅਗਨ ਮਘਾਈਂ

ਜਿਹਨਾਂ ਘਰੀਂ ਹਨੇਰਾ ਹੋਇਆ ਉਹਨਾਂ ਦੇ ਘਰ ਦੀਪ ਜਗਾਈਂ

ਉੱਚੀ ਕਿਸੇ ਢਾਬ 'ਤੇ ਚੜ੍ਹ ਕੇ ਲਟ-ਲਟ ਬਲ਼ੇ ਮਸ਼ਾਲ ਟਿਕਾਈਂ

ਉੱਚੀ-ਉੱਚੀ ਹੇਕ ਲਗਾ ਕੇ ਬੋਲ਼ੇ ਕੰਨਾਂ ਤਾਈਂ ਸੁਣਾਈਂ

ਤੇਰੇ ਗੀਤਾਂ ਦੇ ਵਿਚ ਦਮ ਹੈ ਤੂੰ ਗੀਤਾਂ ਦੀ ਛਹਿਬਰ ਲਾਈਂ

ਫਿਰ ਕੋਈ ਪਰਵਾਸ ਨਾ ਭੋਗੇ ਸੁਖੀ ਵਸਣ ਸਭ ਪਿੰਡ ਗਰਾਈਂ

ਤੇਰੇ ਗੀਤਾਂ ਵਿਚ ਸੁਗੰਧੀਆਂ ਪਿੰਡ ਦੀਆਂ ਜੂਹਾਂ ਮਹਿਕਾਈਂ

ਸੁਖੀ ਵਸੇ ਪੰਜਾਬ ਪਿਆਰਾ ਹੋਣ ਸਾਰੀਆਂ ਦੂਰ ਬਲਾਈਂ

ਖੇਰੂੰ-ਖੇਰੂੰ ਹੋਈ ਵਿਰਾਸਤ ਇਕ ਵਾਰੀ ਫਿਰ ਮੋੜ ਲਿਆਈਂ

ਐਸੇ ਗੀਤ ਫ਼ਿਜ਼ਾ ਵਿਚ ਗੂੰਜਣ ਸੁੱਤੀ ਪਈ ਜ਼ਮੀਰ ਜਗਾਈਂ

ਪਰਤ ਆਏ ਪੰਜਾਬ ਦਾ ਗੌਰਵ ਇਹ ਦੀਵਾਲ਼ੀ ਇੰਝ ਮਨਾਈਂ

ਏਹੋ ਸੁੱਖ-ਸੁਨੇਹਾ ਲੈ ਕੇ ਮੁੜ ਆਈਂ ਤੂੰ ਚਾਈਂ-ਚਾਈਂ।

(ਗੀਤਕਾਰ ਅਲਬੇਲ ਬਰਾੜ ਦੇ ਪੰਜਾਬ ਜਾਣ ਸਮੇਂ)

- ਜਗਦੇਵ ਸਿੱਧੂ



ਨੀ ਮੈਂ ਤੇਰਾ ਉਹ ਲੱਗਦਾ ਵਾਲਾ ਗੀਤਕਾਰ ਮਦਨ ਜਲੰਧਰੀ



ਮਦਨ ਜਲੰਧਰੀ

ਬੜੀ ਦੇਰ ਪਹਿਲਾਂ ਚੰਡੀਗੜ੍ਹ ਵਾਲੇ ਹਰਦੀਪ ਦੀ ਆਵਾਜ਼ ਵਿੱਚ ਇੱਕ ਗੀਤ ਬੜਾ ਮਸ਼ਹੂਰ ਹੋਇਆ ਸੀ

ਕਿਤੇ ਮਰ ਨਾ ਜਾਵੇ ਕੁੱਝ ਖਾਕੇ
ਚੰਡੀਗੜ੍ਹ ਕਰੇ ਆਸ਼ਕੀ
ਮੁੰਡਾ ਜੱਟਾਂ ਦਾ ਜਲੰਧਰੋਂ ਆਕੇ
ਮਦਨ ਜਲੰਧਰੀ ਦਾ ਕੀਤਾ ਕੀ ਤੂੰ ਹਾਲ ਨੀ
ਰਾਂਝਾ ਕੋਈ ਆਖੇ, ਕੋਈ ਆਖੇ ਮਹੀਂਵਾਲ ਨੀ
ਘੋਲ ਕੀ ਪਿਆਇਆ ਯਾਰ ਨੂੰ
ਜਰਾ ਠਹਿਰ ਜਾ ਜਾਈਂ ਸਮਝਾ ਕੇ
ਚੰਡੀਗੜ੍ਹ ਕਰੇ ਆਸ਼ਕੀ
ਮੁੰਡਾ ਜੱਟਾਂ ਦਾ ਜਲੰਧਰੋਂ ਆਕੇ

ਉਸਤੋਂ ਬਾਅਦ ਇਸੇ ਗੀਤ ਨੂੰ ਨਵੇਂ ਸਾਜ਼ਾਂ ਨਾਲ ਜੱਸੀ ਸਿੱਧੂ ਨੇ ਹੱਦਾਂ ਸਰਹੱਦਾਂ ਟਪਾ ਦਿੱਤਾ। ਤੇ ਹੁਣ ਤਾਂ ਚੰਡੀਗੜ੍ਹ ਕਰੇ ਆਸ਼ਕੀ ਫੀਚਰ ਫਿਲਮ ਵੀ ਬਣ ਚੁੱਕੀ ਹੈ

ਇਸੇ ਤਰ੍ਹਾਂ ਜਨਾਬ ਹੰਸ ਰਾਜ ਦੀ ਆਵਾਜ਼ ਵਿੱਚ

ਨੀਵੀਂ ਨਾ ਤੂੰ ਪਾ ਜ਼ਰਾ ਅੱਖੀਆਂ ਮਿਲਾ
ਸਾਡਾ ਐਂਵੇਂ ਨਾਂ ਤੂੰ ਦਿਲ ਤੜਪਾ
ਨੀ ਮੈਂ ਤੇਰਾ ਉਹ ਲੱਗਦਾ
ਤੇਰਾ ਜੀਹਦੇ ਨਾਲ ਹੋਣਾ ਏਂ ਵਿਆਹ
ਗੁੰਦਵਾਂ ਸਰੀਰ ਤੇਰਾ ਰੰਗ ਸੂਹਾ ਲਾਲ ਨੀ
ਹੋ ਗਿਆ ਬੇਹੋਸ਼ ਮੈਨੂੰ ਬਾਹਾਂ ਚ ਸੰਭਾਲ ਨੀ
ਤੇਰਾ ਪੈਣਾਂ ਏ ਜਲੰਧਰੀ ਨਾਲ ਵਾਹ
ਨੀ ਮੈਂ ਤੇਰਾ ਉਹ ਲੱਗਦਾ

ਇਸਤੋਂ ਬਾਅਦ ਉੱਚੀ ਤੇ ਲੰਮੀ ਹੇਕ ਦੇ ਧਨੀ ਸੁਰਜੀਤ ਬਿੰਦਰਖੀਆ ਦੀ ਆਵਾਜ਼ ਵਿੱਚ

ਫੁੱਲਾਂ ਵਾਂਗੂੰ ਹਸਦੀਏ ਕੁੜੀਏ
ਤੀਰ ਨਜ਼ਰ ਦੇ ਕਸਦੀਏ ਕੁੜੀਏ
ਸ਼ੀਸ਼ੇ ਵਰਗੇ ਦਿਲ ਤੇ ਲਾਵੀਂ, ਸੋਚਕੇ ਇਸ਼ਕ ਨਿਸ਼ਾਨਾ
ਨੀ ਨਾ ਫੱਟੜ ਕਰਕੇ ਛੱਡਜੀਂ ਪੁੱਤ ਬੇਗਾਨਾ
ਨੀ ਨਾਂ ਜ਼ਖ਼ਮੀ ਕਰਕੇ
ਬੇਵਫਾ ਕੋਈ ਹੂਰ ਜੇ ਬਣਜੇ,
ਦਿਲ ਦੇ ਵਿੱਚ ਨਾਸੂਰ ਜੇ ਬਣਜੇ
ਹੌਕਿਆਂ ਵਿੱਚ ਫੇਰ ਮਦਨ ਜਲੰਧਰੀ ਸੜ ਜਾਂਦਾ ਪ੍ਰਵਾਨਾ
ਨੀ ਨਾ ਜ਼ਖਮੀਂ ਕਰਕੇ

ਇਸੇ ਤਰ੍ਹਾਂ ਇੱਕ ਹੋਰ ਸੁਰੀਲੇ ਗਾਇੱਕ ਕੰਠ ਕਲੇਰ ਦੀ ਆਵਾਜ਼ ਵਿੱਚ

ਇੱਕ ਕੀਤੀ ਬੇਵਫ਼ਾਈ ਤੂੰ, ਮੇਰੇ ਸੁਪਨੇ ਹੋ ਬੇਕਾਰ ਗਏ
ਅਸੀਂ ਦੁਨੀਆਂ ਜਿੱਤਣ ਵਾਲੇ ਸੀ
ਤੇਰੇ ਪਿਆਰ @ਚ ਸੱਜਣਾਂ ਹਾਰ ਗਏ

ਸਾਬਰਕੋਟੀ, ਲਵਲੀ ਨਿਰਮਾਣ, ਮੇਜਰ ਰਾਜਸਥਾਨੀ, ਸੋਹਣ ਸਿਕੰਦਰ ਸਮੇਤ ਕਾਫੀ ਗਾਇਕਾਂ ਨੇ ਮਦਨ ਜਲੰਧਰੀ ਦੇ ਗੀਤ ਗਾਏ। ਗੱਲ ਕਰਦੇ ਹਾਂ ਪੰਜਾਬ ਦੇ ਬੜੇ ਨਾਮਵਰ ਗੀਤਕਾਰ ਮਦਨ ਜਲੰਧਰੀ ਦੀ---

8 ਫਰਵਰੀ 1955 ਨੂੰ ਜਲੰਧਰ ਦੀ ਬਸਤੀ ਦਾਨਿਸ਼ਮੰਦਾਂ ਵਿਖੇ ਪਿਤਾ ਸ਼੍ਰੀ ਸਾਈਂ ਦਾਸ ਦੇ ਘਰ ਮਾਤਾ ਗੁਲਾਬ ਦੇਵੀ ਦੀ ਕੁੱਖੋਂ ਮਦਨ ਦਾ ਜਨਮ ਹੋਇਆ। ਉਸਨੇ ਗ੍ਰੇਜੂਏਸ਼ਨ ਡੀ ਏ ਵੀ ਕਾਲਜ ਜਲੰਧਰ ਤੋਂ ਕੀਤੀ। ਸਕੂਲ ਪੜ੍ਹਦੇ ਸਮੇਂ ਈ ਉਹਦਾ ਮੋਹ ਗੀਤਾਂ ਨਾਲ ਪੈ ਗਿਆ ਸੀ ਜੋ ਹੌਲੀ ਹੌਲੀ ਪ੍ਰਫੁੱਲਿਤ ਹੁੰਦਾ ਗਿਆ। ਪੜ੍ਹ ਲਿਖ ਕੇ ਉਹ ਸਰਕਾਰੀ ਅਫਸਰ ਬਣ ਗਿਆ।

ਹੁਣ ਉਹ ਸਹਾਇੱਕ ਮੈਨੇਜਰ IFCI Ltd ਤੋਂ ਰਿਟਾਇਰ ਹੋਕੇ ਜਲੰਧਰ ਵਿਖੇ ਖੁਸ਼ਹਾਲ ਜ਼ਿੰਦਗੀ ਦਾ ਆਨੰਦ ਮਾਣ ਰਿਹਾ ਹੈ ਆਪਣਾ ਸਾਰਾ ਵਕਤ ਗੀਤਕਾਰੀ ਨੂੰ ਸਮਰਪਿਤ ਕੀਤਾ ਹੋਇਆ ਐ। ਮਦਨ ਜਲੰਧਰੀ ਜਿੱਥੇ ਕਮਾਲ ਦਾ ਗੀਤਕਾਰ ਐ ਉੱਥੇ ਉਹ ਨਿਰਮਾਤਾ ਵੀ ਐ। ਕੰਠ ਕਲੇਰ ਦੀ ਪਹਿਲੀ ਐਲਬਮ ਅਤੇ ਸਾਬਰਕੋਟੀ ਦੀ ਪਹਿਲੀ ਐਲਬਮ ਵੀ ਮਦਨ ਜਲੰਧਰੀ ਨੇ ਪ੍ਰੋਡਿਊਸ ਕੀਤੀ ਸੀ। ਮਦਨ ਦੇ ਗੀਤ ਪੰਜਾਬੀ ਫ਼ਿਲਮਾਂ ਵਿੱਚ ਵੀ ਰਿਕਾਰਡ ਹੋ ਚੁੱਕੇ ਹਨ ਜਿਨ੍ਹਾਂ ਵਿੱਚ ਤਬਾਹੀ, ਵਲਾਇਤੀ ਜੱਟ, ਧੀ ਜੱਟ ਦੀ ਭਵਿੱਖ ਵਿੱਚ ਮਦਨ ਜਲੰਧਰੀ ਹੋਰ ਨਵੇਂ ਕਲਾਕਾਰਾਂ ਨੂੰ ਨਵੇਂ ਨਵੇਂ ਗੀਤਾਂ ਨਾਲ ਲੈਕੇ ਆ ਰਿਹਾ ਹੈ ਉਮੀਦ ਐ ਪਹਿਲਾਂ ਵਾਂਗੂੰ ਪੰਜਾਬੀ ਅਵਾਮ ਉਸਦੇ ਗੀਤਾਂ ਨੂੰ ਰੱਜਵਾਂ ਪਿਆਰ ਦੇਵੇਗਾ।

ਲੌਂਗ ਤਵੀਤੜੀਆਂ ਵਾਲਾ- ਮਨਪ੍ਰੀਤ ਟਿਵਾਣਾ



ਮਨਪ੍ਰੀਤ ਟਿਵਾਣਾ

ਜਿਵੇਂ ਜਿਵੇਂ ਪੰਜਾਬੀ ਗਾਇਕੀ ਦਾ ਦਾਇਰਾ ਵਿਸ਼ਾਲ ਹੋਇਆ ਤਾਂ ਪੰਜਾਬੀ ਗਾਇਕੀ ਵਿੱਚ ਬਹੁਤ ਤਬਦੀਲੀਆਂ ਵੀ ਆਈਆਂ। ਅੱਜ ਪੰਜਾਬੀ ਗਾਇਕੀ ਬਹੁਤ ਵੱਡਾ ਬਾਜ਼ਾਰ ਬਣ ਚੁੱਕੀ ਐ। ਬਾਜ਼ਾਰ ਵਿਕਾਊ ਸਮਾਨ ਦਾ ਸਮੂਹ ਹੁੰਦੈ। ਬਾਜ਼ਾਰ ਲਈ ਉਸੇ ਸਮਾਨ ਦੀ ਸਪਲਾਈ ਕੀਤੀ ਜਾਂਦੀ ਐ ਜੋ ਵਿਕਦਾ ਹੋਵੇ। ਗਾਇਕੀ, ਗੀਤਕਾਰੀ,ਸੰਗੀਤ, ਸੂਖਮ ਕਲਾਵਾਂ ਹਨ। ਕੁੱਝ ਲੋਕ ਬਾਜ਼ਾਰ ਲਈ ਕੰਮ ਕਰਦੇ ਹਨ,, ਕੁੱਝ ਲੋਕ ਰੂਹ ਲਈ ਕੰਮ ਕਰਦੇ ਹਨ ਜੋ ਬਾਜ਼ਾਰ ਦਾ ਹਿੱਸਾ ਨਹੀਂ ਬਣਦੇ

ਮਾਲਵੇ ਦੇ ਗੜ੍ਹ ਵਿੱਚੋਂ ਇੱਕ ਨਵੀਂ ਉਮਰ ਦੇ ਪੜ੍ਹੇ ਲਿਖੇ ਗੀਤਕਾਰ ਦੇ ਲਿਖੇ ਗੀਤ ਜਦੋਂ ਪੰਜਾਬ ਦੀ ਫ਼ਿਜ਼ਾ ਵਿੱਚ ਫੈਲੇ ਤਾਂ ਇੱਕ ਨਵੇਂ ਗੀਤਕਾਰ ਮਨਪ੍ਰੀਤ ਟਿਵਾਣਾ ਦੇ ਨਾਮ ਦੀ ਚਰਚਾ ਛਿੜੀ

ਅਜੇ ਥੋੜ੍ਹਾ ਸਮਾਂ ਪਹਿਲਾਂ ਬਠਿੰਡੇ ਨੂੰ ਪੰਜਾਬੀ ਸੰਗੀਤ ਦੀ ਰਾਜਧਾਨੀ ਕਿਹਾ ਜਾਂਦਾ ਸੀ। ਬਠਿੰਡੇ ਦੇ ਗਾਇੱਕ ਬਲਕਾਰ ਸਿੱਧੂ ਦੀ ਆਵਾਜ਼ ਵਿੱਚ ਜਦੋਂ

ਲੌਂਗ ਤਵੀਤੜੀਆਂ
ਪਹਿਲੇ ਪਿਆਰ ਦਾ ਪਹਿਲਾ ਗਹਿਣਾ
ਸਾਰੀ ਉਮਰ ਨਾ ਗਲ 'ਚੋਂ ਲਹਿਣਾ
ਸਦਾ ਟਿਵਾਣੇ ਦੀ ਮੈਂ ਰਹਿਣਾ
ਉਹ ਮੇਰੀ ਜ਼ਿੰਦਗਾਨੀ
ਲੌਂਗ ਤਵੀਤੜੀਆਂ ਦੇ ਗਿਆ ਯਾਰ ਨਿਸ਼ਾਨੀ
ਮਹਿੰਦੀ
ਬੜੇ ਚਿਰਾਂ ਦਾ ਸੁਪਨਾ ਮੇਰਾ, ਉਦੋਂ ਸੱਚ ਹੋ ਜਾਣਾਂ
ਤਲੀਆਂ ਉੱਤੇ ਮਹਿੰਦੀ ਦੇ ਨਾਲ ਲਿਖਣਾ ਜਦੋਂ 'ਟਿਵਾਣਾ'
ਚਾਈਂ-ਚਾਈਂ ਡੋਲੀ ਮੇਰੀ 'ਮਹਿਲ ਕਲਾਂ' ਨੂੰ ਜਾਣੀਂ
ਮਹਿੰਦੀ ਦੇ ਬੂਟੇ ਨੂੰ ਛਿੜਕ ਭਾਬੀਏ ਪਾਣੀ
ਫੁਲਕਾਰੀ
ਇਹੋ ਫੁਲਕਾਰੀ ਤੇਰੇ ਸਿਰ ਤੇ ਸਜਾ ਕੇ ਨੀ
ਲੈਜੂਗਾ 'ਟਿਵਾਣਾ' ਤੈਨੂੰ ਡੋਲੀ 'ਚ ਬਿਠਾ ਕੇ ਨੀ
'ਮਹਿਲ ਕਲਾਂ' ਦੀ ਬਣਾਊ ਤੈਨੂੰ ਸ਼ਾਨ
ਤੂੰ ਫੁਲਕਾਰੀ ਕੱਢਦੀ, ਕੱਢੇ ਤੇਰੀ ਫੁਲਕਾਰੀ ਸਾਡੀ ਜਾਨ

ਤਾਂ ਹਰ ਪਾਸੇ ਮਨਪ੍ਰੀਤ ਟਿਵਾਣੇ ਦੇ ਨਾਮ ਦੀ ਚਰਚਾ ਛਿੜ ਗਈ

ਮਨਪ੍ਰੀਤ ਟਿਵਾਣੇ ਦੇ ਲਿਖੇ ਗੀਤ ਹੰਸ ਰਾਜ ਹੰਸ, ਜਸਬੀਰ ਜੱਸੀ, ਹਰਭਜਨ ਮਾਨ, ਨਿਰਮਲ ਸਿੱਧੂ, ਹਰਜੀਤ ਹਰਮਨ, ਸਰਬਜੀਤ ਚੀਮਾਂ, ਪੰਮੀ ਬਾਈ,ਰਾਣੀ ਰਣਦੀਪ, ਰੁਪਿੰਦਰ ਹਾਂਡਾ, ਸ਼ਿਪਰਾ ਗੋਇਲ ਗੌਰਾ ਚੱਕ ਵਾਲਾ, ਵੀਰ ਦਵਿੰਦਰ ਸਮੇਤ ਪਹਿਲੀ ਕਤਾਰ ਦੇ ਗਾਇਕ ਗਾਇਕਾਵਾਂ ਨੇ ਰਿਕਾਰਡ ਕਰਵਾਏ ਜਿਹਨਾਂ ਦਾ ਪੂਰਾ ਵੇਰਵਾ ਇੱਕ ਲਿਖਤ ਵਿੱਚ ਲਿਖਣਾ ਮੁਸ਼ਕਿਲ ਹੈ

ਮਨਪ੍ਰੀਤ ਦਾ ਜਨਮ 1977 ਵਿੱਚ ਬਰਨਾਲੇ ਦੇ ਲਾਗਲੇ ਕਸਬੇ ਮਹਿਲ ਕਲਾਂ ਵਿੱਚ ਹਾੜ ਦੇ ਮਹੀਨੇ ਹੋਇਆ। ਪਿਤਾ ਜੀ ਬਠਿੰਡੇ ਮੁਲਾਜ਼ਮ ਸਨ ਤਾਂ ਮਨਪ੍ਰੀਤ ਦਾ ਬਚਪਨ ਵੀ ਬਠਿੰਡੇ ਈ ਗੁਜ਼ਰਿਆ। ਮਨਪ੍ਰੀਤ ਨੇ ਰਾਜਿੰਦਰਾ ਕਾਲਜ ਬਠਿੰਡਾ ਤੋਂ ਸਿੱਖਿਆ ਪ੍ਰਾਪਤ ਕੀਤੀ। ਮਨਪ੍ਰੀਤ ਨੇ ਅੱਜ ਤੱਕ ਇੱਕ ਵੀ ਗੀਤ ਅਜਿਹਾ ਨਹੀਂ ਲਿਖਿਆ ਜਿਸਤੇ ਉਂਗਲ ਉਠਾਈ ਜਾ ਸਕੇ, ਜੋ ਪੰਜਾਬੀ ਸਭਿਆਚਾਰ ਦੇ ਦਾਇਰੇ ਤੋਂ ਬਾਹਰ ਹੋਵੇ ਇਹੋ ਕਾਰਨ ਐ ਕਿ ਉਹ ਬਾਜ਼ਾਰ ਦਾ ਹਿੱਸਾ ਨਹੀਂ ਬਣਿਆ ਉਹ ਆਪਣੀ ਰੂਹ ਦੇ ਸਕੂਨ ਲਈ ਲਿਖਣ ਵਾਲਾ ਗੀਤਕਾਰ ਐ। ਮਨਪ੍ਰੀਤ ਮੇਰਾ ਨਿੱਕਾ ਵੀਰ ਐ,, ਪੰਜਾਬ ਪੰਜਾਬੀ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਟਿਵਾਣੇ ਨੂੰ ਵੀ ਰੱਜਵਾਂ ਪਿਆਰ ਕਰਦੇ ਹਨ। 'ਕਾਫਲੇ ਵਾਲੇ' ਉਸਦੀ ਕਿਤਾਬ ਛਪ ਚੁੱਕੀ ਹੈ ਦੂਸਰੀ ਕਿਤਾਬ ਛਪਾਈ ਅਧੀਨ ਐ

ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਨੇ ਰੀਮੈਂਬਰੈਂਸ ਡੇ ਮਨਾਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਗਿਆਰਾਂ ਨਵੰਬਰ ਨੂੰ ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਦੀ ਵਿਸ਼ੇਸ਼ ਇਕੱਤਰਤਾ ਰੀਮੈਂਬਰੈਂਸ ਡੇ ਮਨਾਉਣ ਲਈ ਹੋਈ। ਸਕੱਤਰ ਅਮਰੀਕ ਸਿੰਘ ਸਰੋਆ ਨੇ ਆਏ ਮਹਿਮਾਨਾਂ ਅਤੇ ਮੈਂਬਰਾਂ ਨੂੰ ਜੀ-ਆਇਆਂ ਕਹਿੰਦਿਆਂ ਏਜੰਡੇ 'ਤੇ ਝਾਤ ਪੁਆਈ। ਕੈਨੇਡਾ ਅਤੇ ਭਾਰਤ ਦੇ ਕੌਮੀ ਤਰਾਨੇ ਗਾਏ ਗਏ। ਜਗਦੇਵ ਸਿੱਧੂ ਨੇ ਭੂਮੀ ਕਬੂਲਨਾਮਾ (Land Acknowledgement) ਪੜ੍ਹ ਕੇ ਰਿਵਾਇਤ ਪੂਰੀ ਕੀਤੀ। ਜੰਗੀ ਸ਼ਹੀਦਾਂ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਅਰਪਣ ਕੀਤੀ ਗਈ। ਪ੍ਰਧਾਨ ਡਾ. ਸੇਵਾ ਸਿੰਘ ਪ੍ਰੇਮੀ ਨੇ ਸਭ ਦਾ ਸਵਾਗਤ ਕਰਨ ਉਪ੍ਰੰਤ ਇਸ ਦਿਵਸ ਦੇ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ 11 ਨਵੰਬਰ, 1918 ਨੂੰ ਦਿਨ ਦੇ 11 ਵਜੇ ਆਰਮਿਸਟਿਸ ਸੰਧੀ 'ਤੇ ਜਰਮਨੀ ਅਤੇ ਸਾਂਝੇ ਮੁਹਾਜ਼ ਦੇ ਦੇਸ਼ਾਂ ਵੱਲੋਂ ਦਸਤਖ਼ਤ ਕਰਨ ਦੀ ਵਾਰਤਾ ਸੁਣਾਈ। ਉਨ੍ਹਾਂ ਨੇ ਕਿਹਾ ਕਿ 11 ਨਵੰਬਰ,1919 ਨੂੰ ਬਕਿੰਘਮ ਪੈਲੇਸ ਵਿੱਚ ਆਰਮਿਸਟਿਸ ਡੇ ਵੱਜੋਂ ਮਨਾਇਆ ਗਿਆ ਸੀ, ਕੈਨੇਡਾ ਵਿੱਚ 11 ਨਵੰਬਰ, 1931 ਤੋਂ ਰੀਮੈਂਬਰੈਂਸ



ਡੇ ਵੱਜੋਂ ਮਨਾਇਆ ਜਾ ਰਿਹਾ ਹੈ ਜਦੋਂ ਕਿ 8 ਨਵੰਬਰ, 1994 ਤੋਂ ਇੱਥੇ ਮੂਲਨਿਵਾਸੀ ਸਾਬਕਾ ਸੈਨਿਕ ਦਿਵਸ (Aboriginal Veterans Day) ਵੱਜੋਂ ਮਨਾਇਆ ਜਾਂਦਾ ਹੈ। ਉਨ੍ਹਾਂ ਨੇ ਇਸ ਦਿਨ ਪੌਪੀ ਫੁੱਲ ਦਾ ਬੈਜ ਲਾਉਣ ਅਤੇ 'ਫਲੈਂਡਰਜ਼ ਫੀਲਡਜ਼' ਨਾਮੀ ਕਵਿਤਾ ਦੇ ਇਤਿਹਾਸ ਬਾਰੇ ਵੀ ਦੱਸਿਆ। ਵਿਸ਼ਵ ਯੁੱਧ ਸਮੇਂ ਕੈਨੇਡੀਆਈ ਫੌਜ ਵਿੱਚ ਹਿੱਸਾ ਲੈਣ ਵਾਲ਼ੇ ਸਿੱਖ ਸੈਨਿਕ ਬੁੱਕਮ ਸਿੰਘ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਡਾ. ਪ੍ਰੇਮੀ ਨੇ ਇੱਕ ਭਾਵਪੂਰਤ ਕਵਿਤਾ ਰਾਹੀਂ ਸੈਨਿਕਾਂ ਨੂੰ ਸਲਾਮੀ ਦਿੱਤੀ। ਸੁਖਮੰਦਰ ਗਿੱਲ ਨੇ ਆਪਣੇ ਗੀਤ ਰਾਹੀਂ ਸ਼ਹੀਦ ਸੈਨਿਕਾਂ ਨੂੰ ਅਕੀਦਾ ਪੇਸ਼ ਕੀਤਾ - ਉਹ ਦਿਲਦਾਰ ਦੇਸ਼ ਲਈ ਜੋ ਜਾਨਾਂ ਵਾਰ ਗਏ। ਗੁਰਦਿਆਲ ਸਿੰਘ ਖਹਿਰਾ ਨੇ ਇਸੇ ਵਿਸ਼ੇ ਬਾਰੇ ਅੰਗ੍ਰੇਜ਼ੀ ਦੀ ਕਵਿਤਾ ਪੜ੍ਹੀ। ਜਰਨੈਲ ਤੱਗੜ ਨੇ ਗਦਰੀ ਯੋਧਿਆਂ ਦੀ ਕੁਰਬਾਨੀ ਅਤੇ ਸ਼ਹਾਦਤ ਨੂੰ ਸਿਜਦਾ ਕੀਤਾ। ਜਗਦੇਵ ਸਿੱਧੂ ਨੇ 'ਫਿਲੈਂਡਰਜ਼ ਫੀਲਡਜ਼' ਨਾਮੀ ਕਵਿਤਾ ਦੇ ਰਚਣਹਾਰੇ, ਇਸ ਦੇ ਸੁਨੇਹੇ ਅਤੇ ਮਹੱਤਵ ਬਾਰੇ ਸੰਖੇਪ ਵਰਨਣ ਕਰਨ ਤੋਂ ਇਲਾਵਾ ਪੌਪੀ ਫੁੱਲ ਦੇ ਬੈਜ ਲਗਾਉਣ ਦੇ ਪਹਿਲੂਆਂ ਸਮੇਤ ਕੈਨੇਡਾ ਦੇ ਮੂਲਨਿਵਾਸੀ ਸੈਨਿਕ, ਕਾਰਪੋਰਲ ਫਰਾਂਸਿਸ ਪੈਗੀ ਦੀ ਅਦੁਤੀ ਬਹਾਦਰੀ ਬਾਰੇ ਇਤਿਹਾਸਕ ਜਾਣਕਾਰੀ ਦਿੱਤੀ। ਐਮ.ਐਲ.ਏ. ਇਰਫਾਨ ਸਾਬਿਰ ਨੇ ਵੀ ਇੱਥੋਂ ਦੇ ਨੇਟਿਵ ਲੋਕਾਂ ਦੀ ਬਹਾਦਰੀ, ਕੁਰਬਾਨੀ ਅਤੇ ਉਨ੍ਹਾਂ ਤੋਂ ਖੋਹੇ ਗਏ ਹੱਕਾਂ ਦੀ ਗੱਲ ਕੀਤੀ। ਉਨ੍ਹਾਂ ਨੇ ਯਾਦ ਕਰਾਇਆ ਕਿ ਅਜੇ ਵੀ ਕੈਨੇਡਾ ਵਿੱਚ ਹਰ 21 ਦਿਨ ਬਾਅਦ ਇੱਕ ਸਾਬਕਾ ਫੌਜੀ ਖ਼ੁਦਕੁਸ਼ੀ ਕਰਦਾ ਹੈ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਜੰਗ ਨੂੰ ਰੁਕਾਉਣ ਦੀ ਬਜਾਏ ਜੰਗ ਮਿਟਾਉਣ ਜਾਂ ਘਟਾਉਣ ਦੇ ਜਤਨ ਹੋਣ, ਸ਼ਹੀਦਾਂ ਨੂੰ ਬਣਦਾ ਸਨਮਾਨ ਦਿੱਤਾ ਜਾਵੇ ਅਤੇ ਸਾਬਕਾ ਫੌਜੀਆਂ ਦੀ ਭਲਾਈ ਲਈ ਉਪਰਾਲੇ ਕੀਤੇ ਜਾਣ। ਉਨ੍ਹਾਂ ਨੇ ਸਾਹਿਰ ਲੁਧਿਆਣਵੀ ਦੀ ਜੰਗ ਵਿਰੋਧੀ ਲੰਮੀਂ ਕਵਿਤਾ ਜ਼ਬਾਨੀ ਸੁਣਾ ਕੇ ਪ੍ਰਭਾਵਸ਼ਾਲੀ ਸੁਨੇਹਾ ਦਿੱਤਾ। ਐਮ.ਐਲ.ਏ. ਗੁਰਿੰਦਰ ਬਰਾੜ ਨੇ ਖੁਲਾਸਾ ਕੀਤਾ ਕਿ ਜੰਗ ਸਮੇਂ ਮੂਲਨਿਵਾਸੀਆਂ ਦੀ ਭਾਸ਼ਾ ਵਿੱਚ ਭੇਜੇ ਜਾਂਦੇ ਗੁਪਤ ਫੌਜੀ ਸੁਨੇਹਿਆਂ ਨੇ ਜੰਗ ਜਿੱਤਣ ਵਿੱਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਨੇ ਵੀ ਲੜਾਈਆਂ ਬੰਦ ਕਰਨ ਅਤੇ ਅਮਨ ਕਾਇਮ ਕਰਨ ਦੀ ਅਪੀਲ ਕੀਤੀ। ਅਲਬਰਟਾ ਪ੍ਰੀਮੀਅਰ ਦੇ ਸਲਾਹਕਾਰ ਹਰਦਿਆਲ ਸਿੰਘ (ਹੈਪੀ) ਮਾਨ ਨੇ ਜੰਗ ਦੇ ਖਿਲਾਫ਼ ਵਿਚਾਰ ਰੱਖੇ, ਨਾਲ਼ ਹੀ ਸ਼ਹਾਦਤ ਦੇਣ ਵਾਲ਼ਿਆਂ ਨੂੰ ਯਾਦ ਕਰਨ ਅਤੇ ਸਨਮਾਨ ਦੇਣ ਦੀ ਗੱਲ ਕਹੀ। ਧਰਮਿੰਦਰ ਸਿੰਘ ਪ੍ਰੇਮੀ ਨੇ ਆਪਣੇ ਸੈਨਿਕ ਪਰਿਵਾਰ ਨਾਲ਼ ਸੰਬੰਧਤ ਹੋਣ ਅਤੇ ਕਈ ਮੌਜੂਦਾ ਫੌਜੀਆਂ ਨਾਲ਼ ਗੂੜ੍ਹੇ ਸੰਬੰਧਾਂ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਕਿਹਾ ਕਿ ਆਜ਼ਾਦੀ ਦੀ ਰੱਖਿਆ ਲਈ ਫੌਜ ਦੀ ਲੋੜ ਹੈ ਅਤੇ ਫੌਜੀਆਂ ਦਾ ਮਾਨ ਸਨਮਾਨ ਕਰਨਾ ਸਾਡਾ ਫ਼ਰਜ਼ ਹੈ। ਸਕਾਈਵਿਊ ਸੀਨੀਅਰ ਵੈਲਫੇਅਰ ਐਸੋਸੀਏਸ਼ਨ ਤੋਂ ਚੰਦ ਸਿੰਘ ਸੰਦਿਓੜਾ ਤੇ ਸਾਥੀ ਵੀ ਹਾਜ਼ਰ ਸਨ। ਡਾ. ਪ੍ਰੇਮੀ ਨੇ ਸਾਰੇ ਮੀਡੀਆ ਕਰਮੀਆਂ, ਮਹਿਮਾਨਾਂ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਸਾਰੇ ਪ੍ਰੋਗਰਾਮ ਨੂੰ ਬਹੁਤ ਸੁਚੱਜੇ ਢੰਗ ਨਾਲ਼ ਵਿਉਂਤਿਆ ਅਤੇ ਕਾਮਯਾਬੀ ਨਾਲ਼ ਸਿਰੇ ਚੜ੍ਹਾਇਆ। ਸਮਾਪਤੀ ਮਗਰੋਂ ਚਾਹ ਨਾਲ਼ ਮਿਠਾਈ ਤੇ ਪਕੌੜੇ ਪਰੋਸੇ ਗਏ।

facebook ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

ਪੂਛ ਦੀ ਪੁੱਛਗਿੱਛ

ਮੱਝ ਦੇ ਬਾਕੀ ਸਰੀਰ ਉਤੇ ਇੱਕ ਵੀ ਮੱਖੀ ਨਹੀਂ ਸੀ, ਪਰ ਮੂੰਹ ਉੱਤੇ ਚਾਰ ਮੱਖੀਆਂ ਬੈਠੀਆਂ ਸਨ। ਦੋ ਨੱਕ ਉੱਤੇ, ਇੱਕ ਅੱਖ ਕੋਲ ਅਤੇ ਚੌਥੀ ਕੰਨ ਕੋਲ਼ ਸੁਪਰਵਾਈਜ਼ਰ ਬਣ ਕੇ ਬੈਠੀ ਸੀ। ਪੂਛ ਆਪਣਾ ਕੰਮ ਕਰੀ ਜਾ ਰਹੀ ਸੀ ਪਰ ਮੱਖੀਆਂ ਆਪਣੇ ਮੋਰਚੇ ਉਤੇ ਅਡੋਲ ਸਨ ਮੈਂ ਕਿਹਾ, ਮੱਝੇ, ਮੱਖੀਆਂ ਤੇਰੇ ਮੂੰਹ ਉੱਤੇ ਬੈਠੀਆਂ ਤੇ ਤੂੰ ਪੂਛ ਪਿੱਛੇ ਹਿਲਾਈ ਜਾਂਦੀ ਏਂ? ਮੱਝ ਕਹਿੰਦੀ, ਤੈਨੂੰ ਕੀ ਲੱਗਦਾ, ਮੈਨੂੰ ਮੱਖੀਆਂ ਦੀ ਥਾਂ ਨਹੀਂ ਪਤਾ? ਪਰ ਕੀ ਕਰਾਂ? ਕੁਦਰਤ ਨੇ ਪੂਛ ਪਿੱਛੇ ਲਾ ਦਿੱਤੀ ਤੇ ਮੱਖੀਆਂ ਨੂੰ ਅੱਗੇ ਬੈਠਣ ਦੀ ਖੁੱਲ੍ਹ ਦੇ ਦਿੱਤੀ! ਮੈਂ ਕਿਹਾ, ਪੂਛ ਤਾਂ ਪਿੱਛੇ ਹੀ ਹੁੰਦੀ ਹੈ। ਇਹੋ ਤਾਂ ਮੈਂ ਪੁੱਛ ਰਹੀ ਹਾਂ ਕਿ ਪਿੱਛੇ ਹੀ ਕਿਉਂ ਹੁੰਦੀ ਹੈ? ਜੇ ਕਿਸੇ ਮਕੈਨਿਕ ਨੂੰ ਮੇਰੀ ਪੂਛ ਦੇਖ। ਸਾਰਾ ਦਿਨ ਕੰਮ, ਨਾ ਛੁੱਟੀ, ਨਾ ਤਨਖ਼ਾਹ। ਪਰ ਜਿੱਥੇ ਵੱਧ ਲੋੜ ਹੈ, ਉੱਥੇ ਪਹੁੰਚ ਹੀ ਨਹੀਂ ਸਕਦੀ। ਮੈਨੂੰ ਪੂਛ ਦੀ ਮਿਹਨਤ ਉੱਤੇ ਕੋਈ ਇਤਰਾਜ਼ ਨਹੀਂ। ਮੈਨੂੰ ਉਸ ਦੀ ਨਿਯੁਕਤੀ ਉੱਤੇ ਇਤਰਾਜ਼ ਹੈ! ਮੈਂ ਪੁੱਛਿਆ, ਫਿਰ ਤੂੰ ਕੀ ਚਾਹੁੰਦੀ ਏਂ? ਮੱਝ ਕਹਿੰਦੀ ਇਹੀ ਕਿ ਪੂਛ ਨੂੰ ਮੂੰਹ ਦੇ ਨੇੜੇ ਲਾਇਆ ਜਾਵੇ। ਜੇ ਉੱਥੇ ਨਹੀਂ ਲਾ ਸਕਦੇ ਤਾਂ ਘੱਟੋ-ਘੱਟ ਏਨੀ ਲੰਮੀ ਕਰ ਦਿਓ ਕਿ ਕੰਮ ਵਾਲੀ ਥਾਂ ਤੱਕ ਪਹੁੰਚ ਜਾਵੇ।

ਮੈਂ ਕਿਹਾ ਕੁਦਰਤ ਕੋਲ ਸ਼ਿਕਾਇਤ ਕਰ। ਮੱਝ ਕਹਿੰਦੀ, ਕੀਤੀ ਸੀ। ਜਵਾਬ ਆਇਆ ਕਿ ਪੂਛ ਤੁਹਾਨੂੰ ਪੁਰਵਜਾਂ ਤੋਂ ਵਿਰਾਸਤ ਵਿੱਚ ਮਿਲੀ ਹੈ। ਇਸ ਦੀ ਥਾਂ ਨਹੀਂ ਬਦਲੀ



ਕਹੀਏ ਕਿ ਗੱਡੀ ਦੇ ਅਗਲੇ ਸ਼ੀਸ਼ੇ ਉੱਤੇ ਮਿੱਟੀ ਪੈਂਦੀ ਹੈ, ਵਾਈਪਰ ਲਾ ਦੇ, ਤੇ ਉਹ ਪਿਛਲੇ ਬੰਪਰ ਉੱਤੇ ਵਾਈਪਰ ਲਾ ਦੇਵੇ ਤਾਂ ਤੂੰ ਉਸ ਨੂੰ ਕੀ ਕਹੇਂਗਾ? ਮੈਂ ਕਿਹਾ ਨਾਲਾਇਕ ਮਕੈਨਿਕ।

ਇਹੀ ਤਾਂ ਪੰਗਾ, ਮਕੈਨਿਕ ਦੀ ਗ਼ਲਤੀ ਗ਼ਲਤੀ ਤੇ ਕੁਦਰਤ ਕਰੇ ਤਾਂ 'ਕੁਦਰਤ ਦਾ ਕ੍ਰਿਸ਼ਮਾ। ਇਹ ਤਾਂ ਉਹੀ ਗੱਲ ਹੋਈ ਕਿ ਚੋਰ ਰਸੋਈ ਘਰ ਸਾਫ ਕਰ ਜਾਵੇ ਤੇ ਚੌਕੀਦਾਰ ਘਰ ਦੇ ਪਿੱਛੇ ਖੜਾ ਕੰਧ 'ਚ ਲੱਤਾਂ ਮਾਰੀ ਜਾਵੇ।

ਮਨੁੱਖਾਂ ਦੇ ਦਫ਼ਤਰਾਂ ਵਿੱਚ ਵੀ ਇਹੋ ਕੁਝ ਹੁੰਦਾ ਹੈ। ਜਿੱਥੇ ਸਮੱਸਿਆ ਹੁੰਦੀ ਹੈ, ਉੱਥੇ ਅਧਿਕਾਰ ਨਹੀਂ ਹੁੰਦਾ। ਜਿੱਥੇ ਅਧਿਕਾਰ ਹੁੰਦਾ ਹੈ, ਉੱਥੇ ਸਮੱਸਿਆ ਨਹੀਂ ਹੁੰਦੀ। ਮੇਰੀ ਪੂਛ ਵੀ ਪੱਕੀ ਸਰਕਾਰੀ ਨੌਕਰੀ ਉੱਤੇ ਲੱਗੀ ਹੋਈ ਹੈ। ਕੰਮ ਸਾਹਮਣੇ ਪਿਆ ਹੈ, ਪਰ ਉਹ ਆਪਣੀ ਨਿਰਧਾਰਤ ਹੱਦ ਤੋਂ ਬਾਹਰ ਜਾਣ ਲਈ ਤਿਆਰ ਨਹੀਂ!

ਮੈਂ ਹੱਸ ਪਿਆ। ਮੱਝ ਕਹਿੰਦੀ, ਹੱਸਣ ਵਾਲੀ ਗੱਲ ਨਹੀਂ, ਜਾ ਸਕਦੀ। ਲੋਕ ਵਿਰਾਸਤ ਵਿੱਚ ਮਿਲੀ ਚੀਜ਼ ਨੂੰ ਸੁਧਾਰਨ ਉੱਤੇ ਕਿਹੜੀ ਪਾਬੰਦੀ ਹੈ? ਲੋਕ ਪਿਉ-ਦਾਦਿਆਂ ਦੇ ਘਰਾਂ ਵਿੱਚ ਨਵੀਆਂ ਰਸੋਈਆਂ, ਗੁਸਲਖ਼ਾਨੇ ਤੇ ਦਰਵਾਜ਼ੇ ਬਣਾ ਲੈਂਦੇ ਨੇ। ਮੇਰੀ ਪੂਛ ਦਾ ਤਬਾਦਲਾ ਕਰਨ ਨਾਲ ਕਿਹੜੇ ਪੁਰਵਜ ਦੀ ਬੇਇੱਜ਼ਤੀ ਹੋ ਜਾਵੇਗੀ?

ਮੈਂ ਦੱਸਿਆ ਕਿ ਅਸੀਂ ਪੜ੍ਹਿਆ ਹੈ ਕਿ ਇਹ ਲੰਮੇ ਵਿਕਾਸਵਾਦੀ ਇਤਿਹਾਸ ਦਾ ਹਿੱਸਾ ਹੈ। ਕੁਦਰਤੀ ਕਿਸੇ ਇੰਜੀਨੀਅਰ ਵਾਂਗ ਲੋੜ ਮੁਤਾਬਕ ਅੰਗਾਂ ਦੀ ਥਾਂ ਨਹੀਂ ਬਦਲਦੀ।

ਮੱਝ ਕਹਿੰਦੀ, ਤੁਹਾਡੇ ਪੜ੍ਹੇ ਦਾ ਕੀ ਫਾਇਦਾ? ਤੁਸੀਂ ਕਰੋੜਾਂ ਸਾਲਾਂ ਦਾ ਇਤਿਹਾਸ ਪੜ੍ਹ ਕੇ ਮੈਨੂੰ ਇਹ ਦੱਸਣ ਆਏ ਹੋ ਕਿ ਮੇਰੀ ਪੂਛ ਉੱਥੇ ਹੀ ਰਹੇਗੀ ਜਿੱਥੇ ਪਹਿਲਾਂ ਸੀ। ਇਹ ਗੱਲ ਤਾਂ ਮੈਨੂੰ ਬਿਨਾਂ ਪੜ੍ਹਿਆਂ ਵੀ ਪਤਾ ਸੀ!

(ਜਸਵਿੰਦਰ ਸਿੰਘ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਕਾਪੀ ਕੀਤਾ)



ਲੋਕ ਇਉਂ ਹੀ ਪਾਈਏ ਤੋਂ ਪੰਸੇਰੀ ਬਣ ਜਾਂਦੇ ਹਨ

ਲਹਿਜ਼ੇ, ਸਲੀਕੇ, ਤਰੀਕੇ ਬੜੇ ਮਾਇਨੇ ਰਖਤੇ ਹੈਂ
ਖੰਜਰ ਝੇਲ ਲੇਤਾ ਹੂੰ ਲਫ਼ਜ਼ ਚੁਭ ਜਾਤੇ ਹੈਂ

ਗੁਲਜ਼ਾਰ

ਜਦੋਂ ਅਸੀਂ ਘਰ ਦੀ ਦਹਿਲੀਜ਼ ਤੋਂ ਬਾਹਰ ਕਿਸੇ ਸਫਰ ਲਈ ਕਦਮ ਚੁਕਦੇ ਹਾਂ, ਅਣਜਾਣੇ ਲੋਕਾਂ ਦਾ ਹਿੱਸਾ ਹੋ ਜਾਂਦੇ ਹਾਂ। ਬਿਗਾਨਗੀ ਦੀ ਬੁੱਕਲ਼ ਮਾਰਦੇ ਹੋਰਾਂ ਵੱਲ ਵਧਦੇ ਝਿਜਕਦੇ ਹਾਂ। ਅਣਜਾਣ ਰਾਹਾਂ 'ਤੇ ਕਈ ਕਿਸਮ ਦੇ ਲੋਕ ਵੀ ਆਪੋ ਆਪਣੀ ਮੰਜ਼ਿਲ ਵੱਲ ਜਾਣ ਨੂੰ ਕਾਹਲ਼ੇ ਸਫਰ ਵੱਲ ਨੂੰ ਵਧਦੇ ਹਨ। ਕਈ ਵਾਰ ਆਪਣੇ ਵਤਨ ਵੱਲ ਦੀ ਫੇਰੀ ਬਚਪਨ ਤੱਕ ਦੀਆਂ ਯਾਦਾਂ ਤੱਕ ਫੋਲਾਫੋਲੀ ਕਰਨ ਲਗਦੀ ਹੈ। ਸਾਡੀਆਂ ਸਭ ਸੋਚਾਂ ਦਾ ਪਾਸਾ ਹੀ ਥੱਲਿਆ ਜਾਂਦਾ ਹੈ। ਆ ਰਹੇ ਦਿਨਾਂ ਦੀ ਸੂਚੀ ਨਵੇਂ ਸਿਰੇ ਤੋਂ ਮਿਲੀ ਮੋਹਲਤ ਅਨੁਸਾਰ ਉਲੀਕਦੇ ਹਾਂ। ਬਾਜ਼ਾਰਾਂ ਦੇ ਚੱਕਰ ਅਤੇ ਹਥਲੀ ਸੂਚੀ ਨੂੰ ਦਿਨਾਂ ਨਾਲ਼ ਤੋਲਦੇ ਹਾਂ। ਅੰਦਰ ਵਸੇ ਸੰਸਾਰ ਵਿੱਚ ਕਈ ਭੁੱਲੇ ਵਿਸਰੇ ਰਿਸ਼ਤੇ ਸੱਜਰੇ ਹੋ ਜਾਂਦੇ ਹਨ। ਰਸਤੇ ਦੀਆਂ ਦੁਸ਼ਵਾਰੀਆਂ ਸਰ ਕਰਦੇ ਮਨ ਦੀ ਇੱਛਾ ਵਰਗੀ ਇਬਾਰਤ ਉਲੀਕਦੇ ਹਾਂ।ਕਿਸ ਨੂੰ ਮਿਲਣ ਜਾਣਾ ਹੈ ਜਾਂ ਗੁਰੂ ਘਰ ਹਾਜ਼ਰੀ ਲਾਉਣੀ ਹੈ। ਇਸ ਵਾਰੀ ਘਰ ਵਾਪਸੀ ਸਮੇਂ ਦਾ ਹਾਲ ਪਹਿਲਾਂ ਤੋਂ ਵੱਖਰਾ ਹੋਣ ਕਰ ਕੇ ਮੈਂ ਸਭ ਨਾਲ਼ ਸਾਂਝਾ ਕਰ ਰਹੀ ਹਾਂ। ਰਾਤ ਨੂੰ ਵੱਧ ਬਰਫ਼ਬਾਰੀ ਹੋ ਜਾਣ ਕਰ ਕੇ ਸਵੇਰੇ ਦੀ ਮੇਰੀ ਫਲਾਈਟ ਤਿੰਨ ਘੰਟੇ ਪਛੜ ਗਈ ਸੀ। ਇਸ ਨਾਲ਼ ਅਗਲੀ ਫਲਾਈਟ ਹੱਥੋਂ ਨਿਕਲਣ ਦਾ ਸਹਿਮ ਨਾਲ਼ ਹੋ ਤੁਰਿਆ। ਅਸੀਂ ਯੂ.ਕੇ. ਜਾ ਕੇ ਸਭ ਸਟੱਕ ਹੋ ਗਏ। ਸਾਰੀਆਂ ਸਵਾਰੀਆਂ ਖੱਜਲ਼-ਖੁਆਰ ਹੋ ਕੇ ਇਧਰ ਉਧਰ ਜਿਵੇਂ ਇੱਕ ਦੂਜੇ ਵਿੱਚ ਵੱਜਣ ਲੱਗੀਆਂ। ਯੂ. ਕੇ ਦਾ ਸਟਾਫ ਸਾਨੂੰ ਆਪੋ ਆਪਣੇ ਟਿਕਾਣੇ ਪੁਚਾ ਦੇਣ ਦੀ ਪੂਰੀ ਮਦਦ ਕਰ ਰਿਹਾ ਸੀ। ਸਾਡੇ ਜਹਾਜ਼ ਦੀ ਇੱਕ ਸਵਾਰੀ ਮੇਰੇ ਨਾਲ਼ ਦੀ ਸੀਟ 'ਤੇ ਬੈਠੀ ਖੂਬਸੂਰਤ ਲੜਕੀ ਨੇ ਪੂਰਾ ਮੇਕਅਪ ਕੀਤਾ ਹੋਇਆ ਸੀ। ਉਹ ਵਧੀਆ ਆਧੁਨਿਕ ਪੈਕਿੰਗ ਵਿੱਚ ਸਜੀ-ਫਬੀ ਹਰ ਅਦਾ ਨਾਲ਼ ਸੁੰਦਰ ਲਗ ਰਹੀ ਸੀ। ਪਰ ਬੋਲਬਾਣੀ ਸੁਣ ਕੇ ਹੀ ਪਤਾ ਲਗਿਆ ਜਿਵੇਂ ਸਿਆਣਪ ਦਾ ਦਿਵਾਲ਼ਾ ਹੀ ਕੱਢ ਰਹੀ ਹੋਵੇ। ਮੈਨੂੰ ਪਿੰਡ ਦੀ ਬਜ਼ੁਰਗ ਮਾਤਾ ਦੇ ਬੋਲ ਯਾਦ ਆਏ - ਕਮਲ਼ਾ ਕਾਸ ਤੋਂ ਜਾਣੀਏਂ, ਬਸ ਗੱਲਾਂ ਤੋਂ ਪਛਾਣੀਏਂ।ਉਹ ਪੂਰੀ ਹਰਖੀ ਹੋਈ ਸਟਾਫ ਵਾਲ਼ਿਆਂ ਨਾਲ਼ ਔਖਾ ਭਾਰਾ ਬੋਲ ਰਹੀ ਸੀ। ਮੇਰੀ ਵਾਰੀ ਉਸ ਤੋਂ ਮੂਹਰੇ ਸੀ। ਮੈਂ ਸਟਾਫ ਨੂੰ ਕਿਹਾ ਇਸ ਦਾ ਨੰਬਰ ਪਹਿਲਾਂ ਲਾ ਦਿਓ। ਪਰ ਉਹ ਪੂਰੇ ਖਿਝੇ ਹੋਏ ਮੈਨੂੰ ਸੀਨੀਅਰ ਸਿਟੀਜ਼ਨ ਆਖ ਕੇ ਪਹਿਲ ਦੇ ਰਹੇ ਸਨ। ਕੁੜੀ ਦਾ ਬੇ-ਹੂਦਾ ਵਰਤਾਅ ਦੇਖ ਕੇ ਮੈਨੂੰ ਸ਼ਰਮ ਆ ਰਹੀ ਸੀ। ਮੇਜ਼ ਦੇ ਪਾਰ ਬੈਠੇ ਅਧਿਕਾਰੀ ਜ਼ਿੰਨੀਮਾਫ਼ੀ ਮੰਗ ਰਹੇ ਸਨ, ਉਹ ਲੜਕੀ ਓਨੀ ਹੀ ਸਿਰ ਚੜ੍ਹੀ ਜਾ ਰਹੀ ਸੀ। ਆਪਣੀ ਹੋਂਦ ਖਾਸ ਜਤਲਾ ਰਹੀ ਸੀ। ਕਈ ਲੋਕ ਇਉਂ ਹੀ ਪਾਈਏ ਤੋਂ ਪੰਸੇਰੀ ਬਣ ਜਾਂਦੇ ਹਨ। ਅਚਾਨਕ ਮੈਨੂੰ ਯਾਦ ਆਇਆ ਮੈਂ ਸਕਿਉਰਟੀ ਕੋਲ਼ ਆਪਣੀ ਜੈਕਟ ਭੁੱਲ ਆਈ ਸਾਂ। ਓਥੇ ਮੈਨੂੰ ਇੱਕ ਪੰਜਾਬੀ ਮੁੰਡਾ ਮਿਲਿਆ ਜੋ ਪੂਰੀ ਖੁੱਲ੍ਹਦਿਲੀ ਨਾਲ਼ ਜੈਕਟ ਵਾਪਸ ਕਰਦਾ ਹੋਇਆ ਆਖ ਰਿਹਾ ਸੀ, 'ਜਿਹੜੀ ਮਰਜ਼ੀ ਲੈ ਲਓ ਜੀ, ਆਹ ਕਈ ਪਈਆਂ ਨੇ।' ਫਿਰ ਉਹ ਮੈਨੂੰ ਕਹਿਣ ਲੱਗਾ, ਤੁਹਾਡੇ ਨਾਲ਼ ਇੱਕ ਗੱਲ ਸਾਂਝੀ ਕਰਨੀ ਹੈ ਜੀ, ਕੋਈ ਪੰਜਾਬਣ ਆਪਣਾ ਕੀਮਤੀ ਪਰਸ ਭੁੱਲ ਗਈ ਹੈ, ਉਸ ਵਿੱਚ ਕਾਫ਼ੀ ਸੋਨਾ ਵੀ ਹੈ। ਮੈਂ ਤਾਂ ਸਵੇਰ ਦਾ ਇਸੇ ਦੀ ਰਾਖੀ ਕਰੀ ਜਾਨਾਂ।ਉਸ ਨੇ ਪਰਸ ਖੋਲ੍ਹ ਕੇ ਦਿਖਾਇਆ। ਉਸ ਵਿੱਚ ਬਹੁਤ ਕੀਮਤੀ ਸਮਾਨ ਸੀ। ਕੈਮਰਾ ਦੇਖ ਕੇ ਪਤਾ ਲੱਗਾ ਉਹ ਛੋਟੇ ਬੱਚੇ ਦੀ ਮਾਂ ਸੀ। ਬੱਚੇ ਨੂੰ ਸਾਂਭਦੀ ਹੋਈ ਭੁੱਲ ਗਈ ਹੋਣੀ ਐਂ। ਮੈਨੂੰ ਉਹ ਲੜਕਾ ਤਰਲੇ ਪਾ ਕੇ ਕਹਿ ਰਿਹਾ ਸੀ ਕਿ ਤੁਸੀਂ ਹਾਲ ਵਿੱਚ ਕਿਸੇ ਬੱਚੇ ਵਾਲ਼ੀ ਨੂੰ ਪੁੱਛ ਵੇਖੋ। ਪਰ ਇਹ ਨਹੀਂ ਹੋ ਸਕਿਆ। ਮੈਨੂੰ ਲੱਗਿਆ ਕਿੰਨੇ ਰੰਗਾਂ ਦੀ ਦੁਨੀਆਂ ਰਾਹਾਂ ਵਿੱਚ ਮਿਲ ਜਾਂਦੀ ਹੈ। ਆਪੋ ਆਪਣੇ ਵਰਤਾਅ ਨਾਲ਼ ਕਈ ਸਬਕ ਦੇ ਜਾਂਦੀ ਹੈ। ਖ਼ੂਬਸੂਰਤ ਲੜਕੀ ਛੋਟੇ ਵੱਡੇ ਦੀ ਤਮੀਜ਼ ਤੋਂ ਸੱਖਣੀ ਸੀ। ਇਹ ਡਿਊਟੀ ਕਰਦਾ ਲੜਕਾ ਕਿਸੇ ਹੋਰ ਦੇ ਨੁਕਸਾਨ ਲਈ ਚਿੰਤਾ ਜਤਲਾ ਰਿਹਾ ਸੀ। ਜੇ ਕੋਈ ਚਾਹੇ ਤਾਂ ਦੁਆਲ਼ੇ ਤੋਂ ਬਹੁਤ ਕੁਝ ਸਿੱਖ ਕੇ ਹੀ ਇੱਕ ਘਰ ਤੋਂ ਦੂਜੇ ਤੱਕ ਅਪੜਦਾ ਹੈ। ਇੱਕ ਕਵੀ ਦੀਆਂ ਸਤਰਾਂ ਵੇਖੋ -

ਫੂਲ ਖਿਲੇ ਹੈਂ ਗੁਲਸ਼ਨ ਗੁਲਸ਼ਨ
ਲੇਕਿਨ ਅਪਨਾ ਅਪਨਾ ਦਾਮਨ।

ਕਬੱਡੀ ਦਾ ਯਾਦੂਗਰ ਸੀ ਰਾਜ ਕੁਮਾਰ ਖਿਆਲ਼ੇ ਵਾਲ਼ਾ

ਕੁਲਵੰਤ ਬੁਢਲਾਡਾ

1970-80 ਦੇ ਦਹਾਕੇ ਵਿੱਚ ਖਿਆਲੇ ਦੀ ਕਬੱਡੀ ਟੀਮ ਚੜ੍ਹਦੀ ਕਲਾ ਵਿੱਚ ਹੁੰਦੀ ਸੀ। ਇਸ ਟੀਮ ਵਿਚਲੇ ਦੋ ਸਕੇ ਭਰਾ ਲੋਹੜੇ ਦੇ ਫੁਰਤੀਲੇ ਹੁੰਦੇ ਸੀ। ਬਾਣੀਆਂ ਦੇ ਮੁੰਡੇ ਰਾਜ ਤੇ ਪਵਨ ਜਦੋਂ ਖੇਡ ਮੈਦਾਨ ਵਿੱਚ ਉਤਰਦੇ ਤਾਂ ਵਿਰੋਧੀ ਖਿਡਾਰੀ ਓਹਨਾਂ ਦੇ ਪਿੰਡੇ ਨੂੰ ਹੱਥ ਲਾਉਣ ਨੂੰ ਵੀ ਤਰਸਦੇ ਰਹਿੰਦੇ ਸੀ।

ਰਾਜ ਨੇ ਸਕੂਲ ਪੜ੍ਹਦਿਆਂ ਫ਼ਿਰੋਜ਼ਪੁਰ ਡਵੀਜ਼ਨ ਦਾ ਬੈਸਟ ਰੇਡਰ ਬਣਨ ਦਾ ਮਾਣ ਪ੍ਰਾਪਤ ਕੀਤਾ। ਡਵੀਜ਼ਨ ਵੱਲੋਂ ਪੰਜਾਬ ਖੇਡਣ ਵਾਲ਼ਾ ਵੀ ਓਹ ਖਿਆਲ਼ੇ ਦਾ ਪਹਿਲਾ ਖਿਡਾਰੀ ਸੀ। ਓਹਦਾ ਇਹ ਰਿਕਾਰਡ ਓਸੇ ਦੇ ਛੋਟੇ ਭਰਾ ਨੇ ਸਕੂਲ ਨੈਸ਼ਨਲ ਵਿੱਚੋਂ ਜੂਨੀਅਰ ਅਤੇ ਸੀਨੀਅਰ ਵਰਗ ਵਿੱਚ ਸੋਨੇ ਦੇ ਮੈਡਲ ਜਿੱਤ ਕੇ ਤੋੜਿਆ ਸੀ। ਦੋਵੇਂ ਭਰਾ ਸਪੋਰਟਸ ਸਕੂਲ ਬਾਦਲ ਦੇ ਚੋਟੀ ਦੇ ਖਿਡਾਰੀ ਰਹੇ।

ਮੈਂ ਪਹਿਲੀ ਵਾਰ1971 ਵਿੱਚ ਰਾਜ ਨੂੰ ਖੇਡਦਿਆਂ ਵੇਖਿਆ ਸੀ। ਓਦੋਂ ਮੈਂ ਬੋਹਾ ਸਕੂਲ ਦੀ ਟੀਮ ਵਿੱਚ ਪਹਿਲੀ ਵਾਰ ਸ਼ਾਮਲ ਹੋਇਆ ਸੀ। ਸਾਡੀ ਟੀਮ ਖਿਆਲ਼ੇ ਦੀ ਟੀਮ ਨਾਲ਼ ਦੋਸਤਾਨਾ ਮੈਚ ਖੇਡਣ ਗਈ ਸੀ। ਓਹਦੇ ਗੋਰੇ ਨਿਸ਼ੋਹ ਰੰਗ ਵਿੱਚੋਂ ਲਾਲੀ ਭਾਅ ਮਾਰਦੀ ਸੀ। ਓਹਦਾ ਗੁੰਦਵਾਂ ਸਰੀਰ ਓਹਦੀ ਕੀਤੀ ਹੋਈ ਮਿਹਨਤ ਦੀ ਗਵਾਹੀ ਭਰਦਾ ਸੀ। ਢੂਹੀ ਤੇ ਲੱਗੀਆਂ ਰਗੜਾਂ ਦੇ ਕਾਲ਼ੇ ਕਾਲ਼ੇ ਖਰੀਂਡ ਵੇਖਕੇ ਮੈਂ ਆਪਣੇ ਸੀਨੀਅਰ ਸਾਥੀਆਂ ਨੂੰ ਪੁੱਛਿਆ ਸੀ ਕਿ ਇਹ ਕੌਣ ਐ ? ਓਹਨਾਂ ਨੇ ਹੀ ਦੱਸਿਆ ਸੀ ਕਿ ਇਹ ਰਾਜ ਕੁਮਾਰ ਹੈ। ਉਸ ਮੈਚ ਵਿੱਚ ਓਹ ਸਾਡੇ ਤੋਂ ਇੱਕ ਵਾਰ ਵੀ ਨਹੀਂ ਰੁਕਿਆ। ਲੋਹੜੇ ਦੀ ਫੁਰਤੀ, ਹੱਥ ਲਾਉਣ ਸਾਰ ਪਲਟੀਆਂ ਮਾਰਦਾ ਹੀ ਪਾਲ਼ੇ ਤੱਕ ਪਹੁੰਚ ਜਾਂਦਾ। ਜਦੋਂ ਕੋਈ ਸਾਡਾ ਸਾਥੀ ਲੱਤੀਂ ਲੱਗਣ ਦੀ ਕੋਸ਼ਿਸ਼ ਕਰਦਾ ਤਾਂ ਜੰਪ ਕਰਕੇ ਲੋਟਣੀਆਂ ਖਾਂਦਾ ਪਾਲ਼ੇ ਤੇ ਪਹੁੰਚ ਜਾਂਦਾ। ਓਹਦਾ ਇਹੀ ਸਟਾਈਲ ਓਹਦੇ ਪਿੰਡੇ ਤੇ ਆਏ ਖਰੀਂਡਾਂ ਦੀ ਗਵਾਹੀ ਭਰਦਾ ਸੀ।

1971 ਵਿੱਚ ਹੀ ਓਹ ਬਾਦਲ ਪਿੰਡ ਦੇ ਸਪੋਰਟਸ ਸਕੂਲ ਵਿੱਚ ਚਲਾ ਗਿਆ ਤੇ ਪਹਿਲੇ ਸਾਲ ਹੀ ਪੰਜਾਬ ਖੇਡ ਆਇਆ। ਖਿਆਲ਼ੇ ਸਕੂਲ ਵੱਲੋਂ ਖੇਡਦਿਆਂ ਓਹ ਫ਼ਿਰੋਜ਼ਪੁਰ ਰੇਂਜ ਦਾ ਬੈਸਟ ਰੇਡਰ ਵੀ ਬਣਿਆ ਸੀ। ਓਸ ਵੇਲ਼ੇ ਜਿਲਿਆਂ ਦੀਆਂ ਟੀਮਾਂ ਪਹਿਲਾਂ ਰੇਂਜ ਖੇਡਦੀਆਂ ਤੇ ਫਿਰ ਰੇਂਜ ਦੀ ਟੀਮ ਪੰਜਾਬ ਖੇਡਦੀ ਹੁੰਦੀ ਸੀ।

ਰਾਜ ਨਾਲ਼ ਦੂਸਰੀ ਮੁਲਾਕਾਤ ਅੱਕਾਂਵਾਲ਼ੀ ਦੇ ਟੂਰਨਾਮੈਂਟ ਤੇ 1973 ਵਿੱਚ ਹੋਈ ਸੀ। ਸਾਡੀਆਂ ਟੀਮਾਂ ਦਰਮਿਆਨ ਬਾਹਟ ਕਿੱਲੋ ਦਾ ਫ਼ਾਈਨਲ ਮੈਚ ਸੀ। ਮੈਚ ਤਾਂ ਸਾਡੀ ਟੀਮ ਨੇ ਜਿੱਤ ਲਿਆ ਪਰ ਮੈਂ ਰਾਜ ਨੂੰ ਇੱਕ ਵੀ ਜੱਫਾ ਨਾ ਲਾ ਸਕਿਆ।1975 ਵਿੱਚ ਬਲਾਡੇ ਕਾਲਜ ਵੱਲੋਂ ਖੇਡਦਿਆਂ ਭੀਖੀ ਦੇ ਟੂਰਨਾਮੈਂਟ ਤੇ ਸਾਡਾ ਮੁਕਾਬਲਾ ਖਿਆਲ਼ੇ ਦੀ ਟੀਮ ਨਾਲ਼ ਸੀ। ਰਾਜ ਹਰ ਰੇਡ ਤੇ ਨੰਬਰ ਲੈ ਜਾਂਦਾ। ਕਲੈਹਿਰੀ ਵਾਲ਼ਾ ਗੁਰਦੇਵ ਬੋੜਾ ਹਰ ਵਾਰ ਆ ਕੇ ਰਾਜ ਨੂੰ ਫੜਨ ਦੀ ਜੁਗਤ ਦੱਸਕੇ ਜਾਂਦਾ ਪਰ ਓਹਦੇ ਮੂਹਰੇ ਸਾਡੀ ਇੱਕ ਨਾ ਚੱਲੀ।

1976 ਵਿੱਚ ਫਫੜੇ ਭਾਈਕੇ ਦੇ ਟੂਰਨਾਮੈਂਟ ਤੇ ਮੈਂ ਪਹਿਲੀ ਵਾਰ ਰਾਜ ਨੂੰ ਕੁਲੈਹਿਰੀ ਵਾਲ਼ਾ ਬੋੜਾ ਰੋਕਦਾ ਵੇਖਿਆ। ਰਾਜ ਵਰਗੇ ਫੁਰਤੀਲੇ ਖਿਡਾਰੀ ਨੂੰ ਬੋੜੇ ਵਰਗਾ ਮਹਾਂਰਥੀ ਹੀ ਠੱਲ੍ਹ ਸਕਦਾ ਸੀ, ਓਹਨੂੰ ਰੋਕਣਾ ਹਰ ਕਿਸੇ ਦੇ ਵੱਸ ਨਹੀਂ ਸੀ। ਬੋਹਾ ਵਾਲ਼ਾ ਪੱਪੀ ਵੀ ਰਾਜ ਨੂੰ ਜੱਫੇ ਲਾਉਂਦਾ ਵੇਖਿਆ।

2018 ਵਿੱਚ ਮੈਂ ਰਾਜ ਦੇ ਛੋਟੇ ਭਰਾ ਪਵਨ ਨੂੰ ਮਿਲਣਾ ਸੀ, ਓਦੋਂ ਰਾਜ ਦੇ ਦਰਸ਼ਨ ਵੀ ਹੋਏ। ਓਹ ਆਪਣੇ ਇਕਲੌਤੇ ਬੇਟੇ ਵਿਨੋਦ ਨਾਲ਼ ਮਾਨਸਾ ਰਹਿ ਰਿਹਾ ਸੀ। ਓਹ ਲਕਵੇ ਦੀ ਬਿਮਾਰੀ ਤੋਂ ਪੀੜਤ ਸੀ। ਤੁਰਨ ਫਿਰਨ ਤੋਂ ਵੀ ਆਹਰੀ ਸੀ, ਹੱਡੀਆਂ ਦੀ ਮੁੱਠ ਬਣਿਆ ਕਿਸੇ ਭਲੇ ਵੇਲ਼ੇ ਦੀ ਉਡੀਕ ਕਰ ਰਿਹਾ ਸੀ। ਓਹਨੇ ਮੈਨੂੰ ਪਛਾਣਿਆ ਵੀ ਨਹੀਂ ਸੀ, ਮੇਰੇ ਦੱਸਣ ਤੇ ਵੀ ਓਹਨੇ ਕੋਈ ਪੁਰਾਣੀ ਸਾਂਝ ਨਾ ਪਾਈ। ਇਉਂ ਲੱਗਦਾ ਸੀ ਜਿਵੇਂ ਓਹਨੂੰ ਸਭ ਕੁੱਝ ਵਿੱਸਰ ਗਿਆ ਹੋਵੇ। ਜਦੋਂ ਪਵਨ ਨੂੰ ਮਿਲਿਆ ਤਾਂ ਓਹਦੀ ਹਾਲਤ ਰਾਜ ਨਾਲ਼ੋਂ ਵੀ ਮਾੜੀ ਸੀ। ਰਾਜ ਤੋਂ ਉਲਟ ਮੇਰੇ ਦੱਸਣ ਤੋਂ ਬਾਅਦ ਪਵਨ ਨੂੰ ਸਾਰੀਆਂ ਪੁਰਾਣੀਆਂ ਯਾਦਾਂ ਯਾਦ ਆ ਗਈਆਂ ਤੇ ਓਹਨੇ ਖੁੱਲ੍ਹ ਕੇ ਗੱਲਾਂ ਕੀਤੀਆਂ। ਓਹਦੀ ਬੇਟੀ ਮੈਨੂੰ ਕਹਿੰਦੀ ਅੰਕਲ ਪਾਪਾ ਨੂੰ ਤੁਹਾਡੇ ਆਉਣ ਦੀ ਕਿੰਨੀ ਖੁਸ਼ੀ ਐ, ਇਹ ਤਾਂ ਕਿਸੇ ਨਾਲ਼ ਬਲਾਉਣ ਤੇ ਵੀ ਬੋਲਦੇ ਨ

ਸਾਹਿਤਕਾਰਾ ਅੰਮ੍ਰਿਤਾ ਪ੍ਰੀਤਮ ਨੂੰ ਸਮਰਪਿਤ ਕੈਲਗਰੀ ਲੇਖਕ ਸਭਾ ਦੀ ਮਿਲਣੀ ਹੋਈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਵੰਬਰ, 2026 ਮਹੀਨੇ ਦੀ ਮਿਲਣੀ ਅੰਮ੍ਰਿਤਾ ਪ੍ਰੀਤਮ ਜੀ ਦੀ ਬਰਸੀ ਤੇ ਵਿਸ਼ੇਸ਼ ਰੂਪ ਵਿੱਚ ਕੋਸੋ ਹਾਲ ਵਿਖੇ ਹੋਈ । ਦਿਵਾਲੀ ਦੇ ਮੌਕੇ ਪਟਾਕੇ ਨਾ ਚਲਾਉਣ ਦੀ ਅਪੀਲ ਸਰਗਰਮ ਰਹੀ। ਆਰੰਭਤਾ ਵਿੱਚ ਗੁਰਚਰਨ ਕੌਰ ਬਿੰਦ ਸਭਾ ਦੀ ਸਕੱਤਰ ਨੇ ਅੰਮ੍ਰਿਤਾ ਪ੍ਰੀਤਮ ਜੀ ਬਾਰੇ ਭਰਪੂਰ ਜਾਣਕਾਰੀ ਸਾਂਝੀ ਕਰਦਿਆਂ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸੋਹਣ ਸਿੰਘ ਭੁਚੋ , ਮਨਮੋਹਨ ਸਿੰਘ ਬਾਠ , ਜਤਿੰਦਰ ਸਿੰਘ ਅਤੇ ਸ਼੍ਰੀਮਤੀ ਜਗਦੀਸ਼ ਸਰੋਓ ਜੀ ਨੇ ਗੀਤਾਂ ਨਾਲ ਮਹਿਫਿਲ ਦੀ ਰੌਣਕ ਵਧਾਈ । ਜੀਰ ਸਿੰਘ ਬਰਾੜ ਅਤੇ ਜਸਵੰਤ ਸਿੰਘ ਕਪੂਰ ਜੀ ਨੇ ਬੰਦੀ ਛੋੜ ਦਿਵਸ ਦੇ ਮਹੱਤਵ ਬਾਰੇ ਵਿਚਾਰ ਸਾਂਝੇ ਕੀਤੇ। ਪ੍ਰਧਾਨ ਜਸਵੀਰ ਸਿੰਘ ਸਿਹੋਤਾ , ਸ਼੍ਰੀਮਤੀ ਗੁਰਦੀਸ਼ ਕੌਰ ਗਰੇਵਾਲ, ਸਰਬਜੀਤ ਉੱਪਲ , ਡਾਕਟਰ ਕਮਲਜੀਤ ਕੌਰ ਪਨਾਗ,ਸਨੀ ਸਵੈਚ,ਲਖਵਿੰਦਰ ਸਿੰਘ,ਮੋਹਨ ਸਿੰਘ,ਪਰਮਜੀਤ ਭੰਗੂ,ਗੁਰਬਾਣੀ ਗਿੱਲ ਅਤੇ ਚਰਨਦੀਪ ਕੌਰ ਨੇ ਆਪਣੀਆਂ ਰਚਨਾਵਾਂ ਰਾਹੀਂ ਹਾਜ਼ਰੀ ਲਵਾਈ। ਹਰਕੰਵਲਜੀਤ ਸਿੰਘ ਜੀ ਨੇ ਜਿੱਥੇ ਅੰਮ੍ਰਿਤਾ ਪ੍ਰੀਤਮ ਜੀ ਨੂੰ ਸ਼ਰਧਾਂਜਲੀ ਦਿੰਦਿਆਂ ਕਵਿਤਾਵਾਂ ਦੀ ਸਾਂਝ ਪਾਈ ਤੇ ਨਾਲ ਹੀ ਆਪਣਾ ਪ੍ਰਕਾਸ਼ਿਤ ਹੁੰਦਾ ਰਸਾਲਾ ' ਸਪਤ ਸਿੰਧੂ ' ਬਾਰੇ ਵੀ ਜਾਣਕਾਰੀ ਦਿੱਤੀ। ਗੋਲਡਨ ਹਾਰਮਨੀ ਹੋਮ ਕੇਅਰ ਤੋਂ ਵੰਦਨਾ ਜੀ ਵੱਲੋਂ 65 ਸਾਲ ਤੋਂ ਉੱਪਰ ਉਮਰ ਵਾਲਿਆਂ ਲਈ ਕੱਢੇ ਗਏ ਲੱਕੀ ਡਰਾਅ ਮੌਕੇ ਡਾਕਟਰ ਸੁਖਵਿੰਦਰ ਸਿੰਘ ਬਿੰਦ ਜੀ ਦਾ ਡਰਾਅ ਨਿਕਲਿਆ । ਮੈਡਮ ਬਿੰਦ ਲਗਾਤਾਰਤਾ ਵਿੱਚ ਅੰਮ੍ਰਿਤਾ ਪ੍ਰੀਤਮ ਜੀ ਬਾਰੇ ਜਾਣਕਾਰੀ ਸਾਂਝੀ ਕਰਦੇ ਰਹੇ ਅਤੇ ਨਾਲ ਹੀ ਉਹਨਾਂ ਦੀਆਂ ਕੁੱਝ ਪ੍ਰਮੁੱਖ ਕਵਿਤਾਵਾਂ ਵੀ ਸੁਣਾਈਆਂ । ਹਮੇਸ਼ਾ ਦੀ ਤਰ੍ਹਾਂ ਇਸ ਵਾਰ ਵੀ ਮੀਟਿੰਗ ਭਰਵੀਂ ਹਾਜ਼ਰੀ ਨਾਲ ਸੰਪੂਰਨ ਹੋ ਨਿਬੜੀ।

ਨਿਊਜ਼ੀਲੈਂਡ ਵਿੱਚ ਦਿਵਾਲੀ ਵਾਲੀ ਰਾਤ ਕਾਰ ਹਾਦਸੇ ਵਿੱਚ ਜਾਨ ਗਵਾ ਗਏ ਤਿੰਨ ਵਿਅਕਤੀਆਂ ਦਾ ਵੇਰਵਾ ਆਇਆ ਸਾਹਮਣੇ

ਮ੍ਰਿਤਕਾਂ ਦੀਆਂ ਦੇਹਾਂ ਭਾਰਤ ਭੇਜਣ ਦੀਆਂ ਤਿਆਰੀਆਂ


Sukhdeep Singh


Sukhvir Kaur


Gurpreet Singh

ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)ਟਾਕਾਨੀਨੀ ਨਗਰ ਵਿਖੇ ਦਿਵਾਲੀ ਦੀ ਰਾਤ ਹੋਏ ਇੱਕ ਭਿਆਨਕ ਕਾਰ ਹਾਦਸੇ ਵਿੱਚ ਦੋ ਮੁੰਡਿਆਂ ਅਤੇ ਇੱਕ ਕੁੜੀ ਸਮੇਤ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਸੀ। ਇਹ ਤਿੰਨੇ ਨੌਜਵਾਨ ਪੰਜਾਬੀ ਪਰਿਵਾਰਾਂ ਨਾਲ ਸਬੰਧਤ ਸਨ। ਦਿਲ-ਕੰਬਾਊ ਇਸ ਸੜਕ ਹਾਦਸੇ ਵਿੱਚ ਇੱਕ ਨਵ-ਵਿਆਹੇ ਪੰਜਾਬੀ ਜੋੜੇ ਅਤੇ ਉਨ੍ਹਾਂ ਦੇ ਜੀਜੇ ਸਮੇਤ ਤਿੰਨ ਜੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ 33 ਸਾਲਾ ਸੁਖਦੀਪ ਸਿੰਘ ਪੰਜਾਬ ਦੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਗੋਨਿਆਣਾ ਖੁਰਦ ਦਾ ਰਹਿਣ ਵਾਲਾ ਸੀ। ਉਹ ਪਿਛਲੇ ਸੱਤ ਸਾਲਾਂ ਤੋਂ ਵੱਧ ਸਮੇਂ ਤੋਂ ਨਿਊਜ਼ੀਲੈਂਡ ਵਿੱਚ ਰਹਿ ਰਿਹਾ ਸੀ ਅਤੇ ਇੱਥੇ ਐੱਨ.ਜ਼ੈੱਡ. ਪੋਸਟ ਦਾ ਕੋਰੀਅਰ ਕਾਰੋਬਾਰ ਚਲਾਉਂਦਾ ਸੀ। ਉਸ ਦੀ 29 ਸਾਲਾ ਪਤਨੀ ਸੁਖਵੀਰ ਕੌਰ ਮੋਗਾ ਜ਼ਿਲ੍ਹੇ ਦੇ ਪਿੰਡ ਰਾਊਕੇ ਕਲਾਂ ਦੀ ਰਹਿਣ ਵਾਲੀ ਸੀ। ਤੀਜਾ ਮ੍ਰਿਤਕ ਗੁਰਪ੍ਰੀਤ ਸਿੰਘ (38) ਜੋੜੇ ਦਾ ਜੀਜਾ ਅਤੇ ਨਜ਼ਦੀਕੀ ਰਿਸ਼ਤੇਦਾਰ ਸੀ, ਜੋ ਕਿ ਬਠਿੰਡਾ ਜ਼ਿਲ੍ਹੇ ਦੇ ਪਿੰਡ ਹਰਰਾਏਪੁਰ ਦਾ ਵਸਨੀਕ ਸੀ। ਉਹ ਕਰੀਬ ਤਿੰਨ ਸਾਲ ਪਹਿਲਾਂ ਨਿਊਜ਼ੀਲੈਂਡ ਆਇਆ ਸੀ ਅਤੇ ਇੱਥੇ ਐੱਨ.ਜ਼ੈੱਡ. ਪੋਸਟ ਦੀ ਕੋਰੀਅਰ ਵੈਨ ਚਲਾਉਂਦਾ ਸੀ। ਪਰਿਵਾਰ ਦੇ ਤਿੰਨ ਜੀਆਂ ਦੇ ਅਚਾਨਕ ਵਿਛੋੜੇ ਨੇ ਰਿਸ਼ਤੇਦਾਰਾਂ, ਦੋਸਤਾਂ ਅਤੇ ਪੰਜਾਬੀ ਭਾਈਚਾਰੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਮ੍ਰਿਤਕਾਂ ਦੀਆਂ ਦੇਹਾਂ ਨੂੰ ਅੰਤਿਮ ਸਸਕਾਰ ਲਈ ਵਾਪਸ ਭਾਰਤ ਭੇਜਿਆ ਜਾਵੇਗਾ, ਜਿਸ ਲਈ ਭਾਈਚਾਰੇ ਵੱਲੋਂ ਮਾਲੀ ਮਦਦ ਇਕੱਠੀ ਕੀਤੀ ਜਾ ਰਹੀ ਹੈ। ਇਹ ਭਿਆਨਕ ਹਾਦਸਾ ਐਤਵਾਰ, 8 ਨਵੰਬਰ ਨੂੰ ਰਾਤ ਕਰੀਬ 10.15 ਵਜੇ ਟਾਕਾਨੀਨੀ ਦੀ ਗ੍ਰੇਟ ਸਾਊਥ ਰੋਡ 'ਤੇ ਉਸ ਵੇਲੇ ਵਾਪਰਿਆ, ਜਦੋਂ ਗੁਰਦੁਆਰਾ ਸਾਹਿਬ ਤੋਂ ਮੱਥਾ ਟੇਕ ਕੇ ਵਾਪਸ ਪਰਤਦਿਆਂ ਉਨ੍ਹਾਂ ਦੀ ਕਾਰ ਬੇਕਾਬੂ ਹੋ ਕੇ ਸੜਕ ਤੋਂ ਉੱਤਰ ਗਈ ਅਤੇ ਸਿੱਧੀ 'ਬਰਗਰਫਿਊਲ' ਰੈਸਟੋਰੈਂਟ ਵਿੱਚ ਜਾ ਵੱਜੀ। ਨਿਊਜ਼ੀਲੈਂਡ ਪੁਲਿਸ ਅਨੁਸਾਰ ਕਾਰ ਵਿੱਚ ਸਵਾਰ ਤਿੰਨਾਂ ਜੀਆਂ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ।ਇਸ ਔਖੀ ਘੜੀ ਵਿੱਚ ਦੋਸਤਾਂ ਅਤੇ ਭਾਈਚਾਰੇ ਦੇ ਮੈਂਬਰਾਂ ਵੱਲੋਂ 'ਗਿਵ-ਏ-ਲਿਟਲ' ਪੇਜ ਰਾਹੀਂ ਫੰਡ ਇਕੱਠਾ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ, ਤਾਂ ਜੋ ਮ੍ਰਿਤਕ ਦੇਹਾਂ ਨੂੰ ਭਾਰਤ ਭੇਜਣ ਦੇ ਖਰਚੇ ਪੂਰੇ ਕੀਤੇ ਜਾ ਸਕਣ ਅਤੇ ਪੀੜਤ ਪਰਿਵਾਰਾਂ ਦੀ ਕੁੱਝ ਮਾਲੀ ਸਹਾਇਤਾ ਹੋ ਸਕੇ।





ਸੇਵੀਅਰ ਸਿੰਘ ਡਾ.ਸੁਰਿੰਦਰਪਾਲ ਸਿੰਘ ਓਬਰਾਏ ਪ੍ਰੇਰਨਾ ਸਰੋਤ ਪੁਸਤਕ

ਡਾ.ਸਰਬਜੀਤ ਸਿੰਘ ਛੀਨਾ ਪ੍ਰਬੁੱਧ ਸਾਹਿਤਕਾਰ ਤੇ ਇਤਿਹਾਸਕਾਰ ਹੈ। ਉਸਨੇ ਹੁਣ ਤੱਕ ਡੇਢ ਦਰਜਨ ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ ਹਨ ਪ੍ਰੰਤੂ ਉਸਦੀ 'ਸੇਵੀਅਰ ਸਿੰਘ ਡਾ.ਸੁਰਿੰਦਰਪਾਲ ਸਿੰਘ ਓਬਰਾਏ' ਦੀ ਜੀਵਨੀ ਉਸ ਦੀਆਂ ਬਾਕੀ ਹੋਰ ਪੁਸਤਕਾਂ ਨਾਲੋਂ ਵੱਖਰੀ ਕਿਸਮੀ ਦੀ ਪੁਸਤਕ ਹੈ। ਡਾ.ਛੀਨਾ ਨੇ ਸੁਰਿੰਦਰਪਾਲ ਸਿੰਘ ਓਬਰਾਏ ਦੀ ਸਮਾਜ ਸੇਵਾ ਤੇ ਉਸਦੀ ਜ਼ਿੰਦਗੀ ਦੀ ਜਦੋਜਹਿਦ ਦੀ ਕਹਾਣੀ ਲਿਖੀ ਹੈ। ਸਮਾਜ ਸੇਵਾ ਦੇ ਖੇਤਰ ਵਿੱਚ ਬਹੁਤ ਲੋਕ ਕੰਮ ਕਰਦੇ ਹਨ ਪ੍ਰੰਤੂ ਸੁਰਿੰਦਰਪਾਲ ਸਿੰਘ ਓਬਰਾਏ ਦੀ ਸੇਵਾ ਸਾਰਿਆਂ ਨਾਲੋਂ ਵੱਖਰੀ ਕਿਸਮ ਦੀ ਹੈ। ਸਮਾਜ ਸੇਵਾ ਦਾ ਕੋਈ ਅਜਿਹਾ ਖੇਤਰ ਨਹੀਂ ਜਿਸ ਵਿੱਚ ਓਬਰਾਏ ਨੇ ਆਪਣਾ ਯੋਗਦਾਨ ਨਾ ਪਾਇਆ ਹੋਵੇ। ਲੇਖਕ ਨੇ ਦੱਸਿਆ ਹੈ ਕਿ ਓਬਰਾਏ ਇੱਕ ਆਮ ਦਿਹਾਤੀ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਉਹ ਬਹੁਤਾ ਪੜ੍ਹਿਆ ਲਿਖਿਆ ਵੀ ਨਹੀਂ ਹੈ, ਉਸਨੇ ਆਈ.ਟੀ.ਆਈ. ਵਿੱਚ ਡਿਪਲੋਮਾ ਕੀਤਾ ਹੋਇਆ। ਉਸਨੂੰ ਜ਼ਿੰਦਗੀ ਵਿੱਚ ਸਫਲ ਹੋਣ ਲਈ ਅਤਿਅੰਤ ਜਦੋਜਹਿਦ ਕਰਨੀ ਪਈ ਪ੍ਰੰਤੂ ਓਬਰਾਏ ਨੇ ਹਰ ਕੰਮ ਪ੍ਰੀਬੱਧਤਾ, ਦ੍ਰਿੜ੍ਹਤਾ, ਲਗਨ ਅਤੇ ਮਿਹਨਤ ਨਾਲ ਦਿਲ ਲਗਾ ਕੇ ਕੀਤਾ, ਜਿਸ ਕਰਕੇ ਉਸਨੂੰ ਸਫਲਤਾ ਨੇ ਉਸਦੇ ਪੈਰ ਚੁੰਮੇ ਹਨ। ਉਸਨੇ ਕਈ ਵਾਰ ਨਵਾਂ ਕੰਮ ਸ਼ੁਰੂ ਕਰਨ ਲਈ ਰਿਸਕ ਵੀ ਲਿਆ। ਉਸਦੀ ਦਲੇਰੀ ਨੇ ਸਫਲਤਾ ਦੇ ਝੰਡੇ ਗੱਡੇ ਹਨ। ਇੱਕ ਗੱਲ ਹੋਰ ਵੇਖਣ ਵਾਲੀ ਹੈ ਕਿ ਪੈਸਾ ਤਾਂ ਬਹੁਤ ਲੋਕਾਂ ਕੋਲ ਹੁੰਦਾ ਹੈ ਪ੍ਰੰਤੂ ਕਿਸੇ ਬਿਗਾਨੇ ਜਿਸ ਨੂੰ ਉਹ ਜਾਣਦਾ ਵੀ ਨਹੀਂ ਹੁੰਦਾ, ਉਸ ਦੀ ਬਿਹਤਰੀ ਲਈ ਖ਼ਰਚ ਕਰਨ ਦੀ ਹਿੰਮਤ ਹਰ ਇੱਕ ਵਿੱਚ ਨਹੀਂ ਹੁੰਦੀ। ਇਹ ਹਿੰਮਤ ਤੇ ਦਲੇਰੀ ਸੁਰਿੰਦਰਪਾਲ ਸਿੰਘ ਓਬਰਾਏ ਵਿੱਚ ਹੀ ਹੈ। ਇਨਸਾਨ ਉਹ ਹੀ ਬਿਹਤਰੀਨ ਹੁੰਦਾ ਹੈ, ਜਿਹੜਾ ਦੂਜਿਆਂ ਦੇ ਦਰਦ ਅਤੇ ਤਕਲੀਫ਼ ਨੂੰ ਮਹਿਸੂਸ ਕਰ ਸਕੇ। ਸੁਰਿੰਦਰਪਾਲ ਸਿੰਘ ਓਬਰਾਏ ਨੇ ਦੁੱਖ ਤਕਲੀਫ਼ਾਂ ਝੱਲੀਆਂ ਸਨ, ਇਸ ਲਈ ਉਸਨੂੰ ਲੋਕਾਈ ਦੇ ਦਰਦ ਦਾ ਅਹਿਸਾਸ ਹੈ, ਜਿਸ ਕਰਕੇ ਉਸਨੇ ਇਨਸਾਨੀਅਤ ਦੀ ਬਾਂਹ ਫੜ੍ਹਨ ਦਾ ਉਦਮ ਕੀਤਾ। ਉਸਨੇ ਹਜ਼ਾਰਾਂ ਲੋਕਾਂ ਦੀਆਂ ਜਾਨਾ ਬਚਾਈਆਂ, ਕਈਆਂ ਦੇ ਘਰ ਆਸ ਦੀ ਕਿਰਨ ਜਗਾਈ ਜਿਹੜੇ ਲੋਕ ਹੌਸਲਾ ਛੱਡੀ ਬੈਠੇ ਸਨ।

ਸੁਰਿੰਦਰਪਾਲ ਸਿੰਘ ਓਬਰਾਏ ਦਾ ਜਨਮ ਸ੍ਰ.ਪ੍ਰੀਤਮ ਸਿੰਘ ਓਬਰਾਏ ਅਤੇ ਮਾਤਾ ਸ਼੍ਰੀਮਤੀ ਅੰਮ੍ਰਿਤਪਾਲ ਕੌਰ ਓਬਰਾਏ ਦੇ ਘਰ 13ਅਪ੍ਰੈਲ 1956 ਨੂੰ ਨੰਗਲ ਟਾਊਨਸ਼ਿਪ ਜ਼ਿਲ੍ਹਾ ਰੂਪ ਨਗਰ ਵਿਖੇ ਹੋਇਆ। ਮੁੱਢਲੀ ਪੜ੍ਹਾਈ ਉਸ ਨੇ ਨੰਗਲ ਟਾਊਨ ਤੋਂ ਹੀ ਪ੍ਰਾਪਤ ਕੀਤੀ, 1972 ਦਸਵੀਂ ਕਰਕੇ ਤਲਵਾੜਾ ਤੋਂ ਆਈ.ਟੀ.ਆਈ.ਵਿੱਚ ਡੀਜ਼ਲ ਮਕੈਨਿਕ ਦਾ ਡਿਪਲੋਮਾ ਕਰ ਲਿਆ। ਉਸਦਾ ਵਿਆਹ ਸ਼੍ਰੀਮਤੀ ਮਨਿੰਦਰ ਕੌਰ ਨਾਲ ਹੋਇਆ। ਉਨ੍ਹਾਂ ਦੇ ਦੋ ਲੜਕੇ ਸੁਖਦੀਪ ਸਿੰਘ ਅਤੇ ਅਮਨਿੰਦਰ ਸਿੰਘ ਹਨ। ਉਸ ਨੇ ਇੰਜਣ ਮਕੈਨਿਕ ਦੇ ਤੌਰ ਤੇ ਮਹਿਜ 19 ਸਾਲ ਦੀ ਉਮਰ ਵਿਚ 1975 ਵਿਚ ਆਪਣਾ ਕੈਰੀਅਰ ਸ਼ੁਰੂ ਕੀਤਾ। ਬਾਅਦ ਵਿਚ ਉਸਨੇ 'ਪ੍ਰੀਤਮ ਸਿੰਘ ਐਂਡ ਸਨਜ਼' ਮੈਟੀਰੀਅਲ ਸਪਲਾਈ ਅਤੇ ਕੰਨਸਟਰਕਸ਼ਨ ਕੰਪਨੀ ਖੋਲ੍ਹ ਲਈ। ਇਸ ਕੰਪਨੀ ਰਾਹੀਂ ਉਨ੍ਹਾਂ ਬਹੁਤ ਵੱਡੇ ਪ੍ਰਾਜੈਕਟ ਜਿਵੇਂ ਕਿ ਨੈਸ਼ਨਲ ਹਾਈਵੇਜ਼,ਸੜਕਾਂ,ਪੁਲ ਅਤੇ ਬਿਆਸ ਤੋਂ ਗੋਇੰਦਵਾਲ ਸਾਹਿਬ ਤੱਕ ਰੇਲਵੇ ਲਾਈਨ ਆਦਿ ਮੁਕੰਮਲ ਕੀਤੇ। ਇਸ ਤੋਂ ਬਾਅਦ 1993 ਵਿਚ ਉਹ ਦੁਬਈ ਚਲੇ ਗਏ ਅਤੇ ਉਥੇ ਜਨਰਲ ਟਰੇਡਿੰਗ ਕੰਪਨੀ ਸਥਾਪਤ ਕਰ ਲਈ। 18 ਸਾਲ ਦੀ ਸਖ਼ਤ ਮਿਹਨਤ ਤੋਂ ਬਾਅਦ ਉਨ੍ਹਾਂ 'ਅਪੈਕਸ ਗਰੁਪ ਆਫ਼ ਕੰਪਨੀਜ਼' ਅਤੇ 'ਅਪੈਕਸ ਇੰਟਰਨੈਸ਼ਨਲ ਕਨਸਟਰਕਸ਼ਨ ਐਂਡ ਲੈਂਡ ਡੀਵਾਟਰਿੰਗ' ਸਥਾਪਤ ਕਰ ਲਈਆਂ। ਇਸ ਤੋਂ ਬਾਅਦ ਉਨ੍ਹਾਂ ਹੋਰ ਬਹੁਤ ਸਾਰੀਆਂ ਵੱਡੀਆਂ ਕੰਪਨੀਆਂ ਸਥਾਪਤ ਕੀਤੀਆਂ।

ਉਨ੍ਹਾਂ ਦੁਬਈ ਵਿਖੇ 1998 ਵਿਚ 'ਦੁਬਈ ਗਰੈਂਡ' ਹੋਟਲ ਬਣਾਇਆ,ਇਹ ਹੋਟਲ ਅਪੈਕਸ ਗਰੁਪ ਦਾ ਹਿੱਸਾ ਹੀ ਹੈ। ਦੁਬਈ ਗਰੈਂਡ ਹੋਟਲ ਵਿੱਚ ਆਪਣੇ ਦੋਸਤਾਂ ਮਿਤਰਾਂ ਨੂੰ ਮੁਫਤ ਠਹਿਰਨ ਲਈ 50 ਕਮਰੇ ਰੱਖੇ ਗਏ ਹਨ। ਉਸ ਨੇ ਹੋਟਲ ਦੇ ਨਜ਼ਦੀਕ 150 ਦੇਸਾਂ ਦੇ ਕਿਰਤੀਆਂ ਲਈ ਘਰ ਬਣਾਏ ਜੋ ਘੱਟ ਕਿਰਾਏ 'ਤੇ ਦਿੱਤੇ ਜਾਂਦੇ ਹਨ। ਘੱਟ ਦਰਾਂ 'ਤੇ ਖਾਣਾ ਦੇਣ ਲਈ 13 ਰੈਸਟੋਰੈਂਟ ਬਣਾਏ ਗਏ ਹਨ। ਫ਼ਿਰ ਉਨ੍ਹਾਂ 'ਸਰਬਤ ਦਾ ਭਲਾ ਚੈਰੀਟੇਬਲ ਟਰੱਸਟ' ਬਣਾਈ ਅਤੇ ਉਹ ਇਸ ਦੇ ਮੈਨੇਜਿੰਗ ਟਰੱਸਟੀ ਹਨ। ਇਸ ਤੋਂ ਇਲਾਵਾ ਉਹ ਲਗਪਗ 20 ਸਵੈ-ਇਛਤ ਸੰਸਥਾਵਾਂ ਦੇ ਪ੍ਰਧਾਨ ਅਤੇ ਚੀਫ਼ ਪੈਟਰਨ ਹਨ,ਜਿਹੜੀਆਂ ਸਮਾਜ ਭਲਾਈ ਦੇ ਕੰਮ ਕਰ ਰਹੀਆਂ ਹਨ। ਉਹ ਬਹੁਤ ਹੀ ਫਰਾਕਦਿਲ ਇਨਸਾਨ ਹਨ। 15 ਸੂਬਿਆਂ ਵਿੱਚ ਸਰਬੱਤ ਦਾ ਭਲਾ ਟਰਸਟ ਦੇ ਦਫ਼ਤਰ ਖੋਲ੍ਹੇ ਗਏ ਹਨ, ਜਿਹੜੇ ਮਾਨਵਤਾ ਦੀ ਸੇਵਾ ਕਰ ਰਹੇ ਹਨ। 120 ਤੋਂ ਵੱਧ ਕਲੀਨਿਕਲ ਲਬਾਰਟਰੀਜ਼ ਅਤੇ ਡਾਇਗਨਾਸਟਿਕ ਸੈਂਟਰ ਵੱਖ-ਵੱਖ ਟੈਸਟਾਂ ਲਈ ਖੋਲ੍ਹੀਆਂ ਗਈਆਂ ਹਨ, ਜਿਨ੍ਹਾਂ ਵਿੱਚ ਫ਼ੀਜੋਥੀਰਾਪੀ ਸੈਂਟਰ 7, ਡੈਂਟਲ ਕਲਿਨਿਕ 4, ਐਕਸਰੇਅ 1, ਡਾਇਲਿਸਿਸ ਸੈਂਟਰ 77 ਅਤੇ 295 ਡਾਇਲਿਸਿਸ ਮਸ਼ੀਨਾ ਸ਼ਾਮਲ ਹਨ। ਇਹ ਟਰੱਸਟ ਸਮਾਜ ਸੇਵਾ,ਵਿਦਿਆ,ਗ਼ਰੀਬ ਲੋੜਵੰਦਾਂ ਦੀ ਆਰਥਕ ਮਦਦ,ਸਿਹਤ ਸਹੂਲਤਾਂ,ਲੋੜਵੰਦਾਂ ਨੂੰ ਘਰ ਆਦਿ ਦੀ ਸੇਵਾ ਕਰ ਰਹੀ ਹੈ। ਇਸ ਟਰੱਸਟ ਨੇ ਹੁਣ ਤੱਕ 23 ਹਜ਼ਾਰ ਲੋੜਬੰਦ ਲੜਕੀਆਂ ਦੇ ਵਿਆਹਾਂ ਦਾ ਖ਼ਰਚਾ ਕੀਤਾ ਹੈ। ਸਪੈਸ਼ਲ ਬੱਚਿਆਂ ਲਈ 200 ਦੀ ਸਮਰੱਥਾ ਵਾਲਾ ਰਹਾਇਸ਼ੀ ਸਕੂਲ ਸਥਾਪਤ ਕੀਤਾ ਹੈ।ਇਨ੍ਹਾਂ ਸਪੈਸ਼ਲ ਬੱਚਿਆਂ ਦੀਆਂ ਜ਼ਰੂਰਤਾਂ ਲਈ ਹਰ ਸਾਲ 60 ਅਧਿਆਪਕਾਂ ਨੂੰ ਡਿਪਲੋਮਾ ਅਤੇ ਬੀ.ਐਡ. ਕਰਵਾਈ ਜਾਂਦੀ ਹੈ। ਇਕ ਏਕੜ ਥਾਂ ਖ਼ਰੀਦਕੇ 300 ਮੰਦ ਬੁਧੀ ਬੱਚਿਆਂ ਲਈ ਹੋਸਟਲ ਬਣਾਇਆ ਗਿਆ ਹੈ। 550 ਮੈਡੀਕਲ,ਇੰਜਨੀਅਰਿਗ,ਪੀ.ਐਚ.ਡੀ., ਆਦਿ ਕੋਰਸਾਂ ਲਈ ਮੁਫ਼ਤ ਪੜ੍ਹਾਈ ਕਰਵਾਈ ਗਈ, ਇੱਕ ਸਾਲ ਵਿਚ 1000 ਵਿਦਿਆਰਥੀਆਂ ਨੂੰ ਇਸ ਮੰਤਵ ਲਈ ਮਦਦ ਕਰਦੇ ਹਨ। ਉਨ੍ਹਾਂ ਆਪਣਾ ਸਮਾਜ ਸੇਵਾ ਦਾ ਖੇਤਰ ਸਾਰੀ ਦੁਨੀਆਂ ਵਿਚ ਸ਼ੁਰੂ ਕਰ ਦਿੱਤਾ ਹੈ। ਨੈਪਾਲ ਵਿਚ ਕਠਮੰਡੂ ਵਿਖੇ 40 ਯਤੀਮ ਬੱਚੇ ਅਡਾਪਟ ਕਰਕੇ ਉਨ੍ਹਾਂ ਦੀ ਪਾਲਣ ਪੋਸ਼ਣ ਪੜ੍ਹਾਈ ਦਾ ਪ੍ਰਬੰਧ ਕੀਤਾ ਅਤੇ ਉਥੇ ਹੀ 100 ਬੱਚਿਆਂ ਦੇ ਰਹਿਣ ਲਈ ਇੱਕ ਸੈਂਟਰ ਸਥਾਪਤ ਕੀਤਾ ਹੈ। ਸਲੱਮ ਏਰੀਆ ਵਿਚ ਰਹਿਣ ਵਾਲੇ 2500 ਗ਼ਰੀਬ ਬੱਚਿਆਂ ਨੂੰ ਮੁਫ਼ਤ ਪੜ੍ਹਾਇਆ ਜਾ ਰਿਹਾ ਹੈ। ਭੁਚਾਲ ਤੋਂ ਪ੍ਰਭਾਵਤ ਲੋਕਾਂ ਲਈ ਮਕਾਨ ਉਸਾਰ ਕੇ ਦਿੱਤੇ ਹਨ। ਦੇਸ਼ ਤੋਂ ਬਾਹਰਲੀਆਂ ਜੇਲ੍ਹਾਂ ਵਿਚ ਬੰਦ 54 ਲੜਕਿਆਂ ਨੂੰ ਕਰੋੜਾਂ ਰੁਪਏ ਬਲੱਡ ਮਨੀ ਦੇ ਕੇ ਮੌਤ ਦੇ ਮੂੰਹੋਂ ਬਚਾਇਆ ਹੈ। ਵਿਦੇਸ਼ਾਂ ਵਿਚ ਫਸੇ 800 ਤੋਂ ਉਪਰ ਵਿਅਕਤੀਆਂ ਨੂੰ ਭਾਰਤ ਆਉਣ ਲਈ ਹਵਾਈ ਟਿਕਟਾਂ ਲੈ ਕੇ ਦਿੱਤੀਆਂ।ਵਿਦੇਸ਼ਾਂ ਵਿਚੋਂ ਹੀ ਮੰਦਭਗੇ ਵਿਅਕਤੀਆਂ ਦੀਆਂ 300 ਤੋਂ ਵੱਧ ਲਾਸ਼ਾਂ ਆਪਣੇ ਖ਼ਰਚੇ ਤੇ ਭਾਰਤ ਲਿਆਂਦੀਆਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਨੂੰ 10 ਹਜ਼ਾਰ ਰੁਪਏ ਮਹੀਨਾ ਦਿੱਤਾ ਜਾ ਰਿਹਾ ਹੈ।ਇਸੇ ਤਰ੍ਹਾਂ ਦੇਸ਼ ਵਿਦੇਸ਼ ਦੀਆਂ 100 ਸਵੈ-ਇੱਛਤ ਸੰਸਥਾਵਾਂ ਨੂੰ ਹਰ ਮਹੀਨੇ ਕਰੋੜਾਂ ਰੁਪਏ ਦੀ ਆਰਥਕ ਮਦਦ ਦਿੱਤੀ ਜਾ ਰਹੀ ਹੈ। 2750 ਵਿਧਵਾਵਾਂ ਅਤੇ ਓਲਡ ਏਜ ਪੈਨਸ਼ਨ ਹਰ ਮਹੀਨੇ 750 ਰੁਪਏ ਤੋਂ 2000 ਹਜ਼ਾਰ ਰੁਪਏ ਤੱਕ ਦਿੱਤੀ ਜਾਂਦੀ ਹੈ।ਕਾਲਜਾਂ,ਸਕੂਲਾਂ,ਜੇਲ੍ਹਾਂ, ਪਾਲੀਟਿਕਨਿਕਸ ਵਿਚ ਮੁਫਤ ਕੂਲਰ ਤੇ ਕੰਪਿਊਟਰ ਦਿੱਤੇ ਗਏ ਅਤੇ ਜੇਲ੍ਹਾਂ ਵਿੱਚ ਕਰੈਚ ਅਤੇ ਵਿਦਿਅਕ ਸੰਸਥਾਵਾਂ ਵਿੱਚ ਲੜਕੀਆਂ ਲਈ ਕਾਮਨ ਰੂਮ ਬਣਾਏ ਗਏਹਨ। ਭਾਂਖਰ ਪਿੰਡ ਵਿਚ ਸਨੀ ਓਬਰਾਏ ਸਾਇੰਸ ਅਤੇ ਕਮਰਸ ਬਲਾਕ ਬਣਵਾਇਆ ਗਿਆ ਹੈ। ਪੰਜਾਬੀ ਯੂਨੀਵਰਸਿਟੀ ਵਿਚ ਵੀ ਸਨੀ ਓਬਰਾਏ ਆਡੋਟੋਰੀਅਮ ਬਣਾਇਆ ਗਿਆ ਹੈ। ਪੰਜਾਬ ਦੇ 27 ਜ਼ਿਲ੍ਹਿਆਂ ਵਿਚ ਟਰੈਫ਼ਿਕ ਨਿਯਮਾਂ ਤੇ ਪਾਲਣਾ ਕਰਨ ਲਈ ਹਰ ਸਾਲ ਗੱਡੀਆਂ ਤੇ 50 ਲੱਖ ਰੇਡੀਅਮ ਰਿਫਲੈਕਟਰ ਲਗਾਏ ਜਾਂਦੇ ਹਨ। 669 ਅੱਖਾਂ ਦੇ ਕੈਂਪ ਲਗਾਕੇ 4850 ਵਿਅਕਤੀਆਂ ਨੂੰ ਮੁਫ਼ਤ ਲੈਨਜ਼ ਪਾਏ ਗਏ ਹਨ। 240 ਲੋੜਵੰਦ ਪਰਵਾਰਾਂ ਨੂੰ 250 ਘਰ ਬਣਾਕੇ ਦਿੱਤੇ ਅਤੇ ਸਿਕਲੀਗਰਾਂ ਲਈ 7 ਘਰ ਅਤੇ 10 ਹੋਰ ਫਲੈਟ ਬਣਾਏ ਜਾ ਰਹੇ ਹਨ। ਕੇਰਲਾ ਦੇ ਇੱਕ ਹਸਪਤਾਲ ਦਾ ਫਰਸ਼ ਬਣਾਇਆ ਅਤੇ ਇੱਕ ਐਲੀਵੇਟਰ ਦਾਨ ਕੀਤਾ। ਅੰਮ੍ਰਿਤਸਰ ਵਿਖੇ ਗੁਰਮਿਤ ਸੰਗੀਤ ਦੀ ਸਿਖਿਆ ਦਾ ਸਕੂਲ ਖੋਲ੍ਹਿਆ ਗਿਆ। ਪਟਿਆਲਾ ਦੇ ਸਾਕੇਤ ਹਸਪਤਾਲ ਵਿਚ 150 ਬੈਡਿੰਗ ਦਿੱਤੇ ਗਏ। ਦੁਬਈ ਵਿਚ ਵੀ ਖ਼ੂਨ ਦਾਨ ਕੈਂਪ ਲਗਾਏ ਗਏ।

ਉਨ੍ਹਾਂ ਦੀਆਂ ਸਮਾਜ ਸੇਵਾ ਵਿਚ ਕੀਤੀਆਂ ਸੇਵਾਵਾਂ ਬਦਲੇ ਲਗਪਗ ਦੇਸ਼ ਅਤੇ ਵਿਦੇਸ਼ ਦੀਆਂ ਸਰਕਾਰਾਂ ਅਤੇ ਸੰਸਥਾਵਾਂ ਵਲੋਂ ਸਨਮਾਨ ਕੀਤਾ ਗਿਆ ਹੈ। 'ਹਾਊਸ ਆਫ਼ ਲਾਰਡ ਲੰਡਨ', 'ਇੰਟਰਨੈਸ਼ਨਲ ਸਿਖ ਫ਼ੋਰਮ' ਵਲੋਂ ਉਸ ਦੀਆਂ ਸਮਾਜ ਸੇਵਾ ਦੀਆਂ ਸਰਗਰਮੀਆਂ ਕਰਕੇ 'ਸਿਖ ਆਫ਼ ਦਾ ਯੀਅਰ-2013 ਅਵਾਰਡ' ਦੇ ਕੇ ਲੰਡਨ ਵਿਖੇ ਸਨਮਾਨਿਆਂ ਗਿਆ। ਫਰਾਂਸ ਵਿਖੇ 'ਅੰਬੈਸਡਰ ਆਫ਼ ਪੀਸ' ਅਵਾਰਡ ਦਿੱਤਾ ਗਿਆ। ਇਸੇ ਤਰ੍ਹਾਂ ਸਾਏਬੋਰਗਾ ਦੀ ਸਰਕਾਰ ਵਲੋਂ ਉਨ੍ਹਾਂ ਦੀ ਸਮਾਜ ਸੇਵਾ ਨੂੰ ਮੁੱਖ ਰੱਖਦਿਆਂ ਭਾਰਤ ਵਿਚ ਉਨ੍ਹਾਂ ਨੂੰ ਸਾਏਬੋਰਗਾ ਦਾ 'ਆਨਰੇਰੀ ਕੌਨਸਲੇਟ ਜਨਰਲ' ਨਿਯੁਕਤ ਕੀਤਾ ਗਿਆ ਹੈ। ਇਹ ਮਾਣ ਲੈਣ ਵਾਲੇ ਉਹ ਪਹਿਲੇ ਭਾਰਤੀ ਹਨ। ਉਸ ਨੂੰ ਇੰਟਰਨੈਸ਼ਨਲ ਯੂਨੀਵਰਸਿਟੀ ਆਫ਼ ਫ਼ੈਡੇਮੈਂਟਲ ਸਟੱਡੀਜ਼ ਰੂਸ ਨੇ ਦਿਹਾਤੀ ਖੇਤਰ ਦੇ ਦੂਰ ਦਰਾਡੇ ਇਲਾਕਿਆਂ ਦੇ ਲੋਕਾਂ ਦੇ ਜੀਵਨ ਪੱਧਰ ਨੂੰ ਉਚਾ ਚੁਕਣ ਲਈ ਕੀਤੇ ਕੰਮਾਂ ਕਰਕੇ ਆਨਰੇਰੀ ਪੀ.ਐਚ.ਡੀ. ਦੀ ਡਿਗਰੀ ਪ੍ਰਦਾਨ ਕੀਤੀ ਗਈ।150 ਤੋਂ ਉਪਰ ਵਿਅਕਤੀਆਂ ਨੂੰ ਫਾਂਸੀ ਹੋਣ ਤੋਂ ਬਲੱਡ ਮਨੀ ਦੇ ਕੇ ਰਿਹਾਈ ਕਰਵਾਈ ਹੈ। ਇਸ ਤੋਂ ਇਲਾਵਾ ਜੌਰਜੀਆ ਵਿੱਚ 13 ਦਸੰਬਰ ਨੂੰ ਇਕ ਰੈਸਟੋਰੈਂਟ ਵਿੱਚ ਮਾਰੇ ਗਏ 12 ਪੰਜਾਬੀਆਂ ਦੀਆਂ ਲਾਸ਼ਾਂ ਉਨ੍ਹਾਂ ਦੇ ਘਰ ਪਹੁੰਚਾਉਣ ਲਈ ਮਦਦ ਕੀਤੀ ਗਈ। ਪ੍ਰਭਾਵਤ ਪਰਿਵਾਰਾਂ ਨੂੰ ਆਰਥਿਕ ਮਦਦ ਕਰਨ ਦਾ ਵਾਅਦਾ ਕੀਤਾ ਹੈ। ਇਹ ਪੁਸਤਕ ਖਾਸ ਤੌਰ 'ਤੇ ਨੌਜਵਾਨਾ ਲਈ ਮਾਰਗ ਦਰਸ਼ਕ ਦਾ ਕੰਮ ਕਰੇਗੀ।



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋ. 94178-13072

ਸੰਪਰਕ : ਸਰਬਜੀਤ ਸਿੰਘ ਛੀਨਾ: 7889039596

ਮਲਟੀਕਲਚਰਲ ਸੀਨੀਅਰ ਸੋਸਾਇਟੀ ਦੇ ਬਜ਼ੁਰਗਾਂ ਨੇ ਬੜੇ ਉਤਸ਼ਾਹ ਨਾਲ ਮਨਾਈ ਦੀਵਾਲੀ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਮਲਟੀਕਲਚਰਲ ਕਲਚਰਲ ਸੀਨੀਅਰ ਸੋਸਾਇਟੀ ਵੱਲੋਂ ਆਪਣੀ ਮਿਲਣੀ ਮੌਕੇ ਦੀਵਾਲੀ, ਬੰਦੀ ਛੋੜ ਦਿਵਸ ਦੇ ਨਾਲ ਨਾਲ ਰੀਮੈਂਬਰੈਂਸ ਡੇ ਦੀ ਮਹਤੱਤਾ ਉਪਰ ਵੀ ਚਾਨਣਾਂ ਪਾਇਆ ਗਿਆ। ਸ ਗੁਰਬਖ਼ਸ਼ ਸਿੰਘ ਜੱਸਲ ਸਾਬਕਾ ਪ੍ਰਧਾਨ ਨੇ ਕਵਿਤਾ ਸੁਣਾਕੇ ਵਾਹ ਵਾਹ ਖੱਟੀ। ਡਾਕਟਰ ਜਸਵੰਤ ਸਿੰਘ ਕਪੂਰ ਵੱਲੋਂ ਬੰਦੀ ਛੋੜ ਦਿਵਸ ਅਤੇ ਦੀਵਾਲੀ ਤਿਉਹਾਰ ਬਾਰੇ ਜਾਣਕਾਰੀ ਸਾਂਝੀ ਕੀਤੀ। ਸ ਗੁਰਚਰਨ ਸਿੰਘ ਸੇਖੋਂ ਵੱਲੋ ਹਾਸ ਰਸ ਵਾਲੀ ਕਵਿਤਾ ਸੁਣਾਕੇ ਆਪਣੀ ਹਾਜ਼ਰੀ ਲਗਵਾਈ। ਬਲਦੇਵ ਸਿੰਘ ਜੱਸਲ ਨੇ ਸਟੇਜ ਉਪਰ ਕੁੱਝ ਸਬਦਾਂ ਨਾਲ ਹਾਜ਼ਰੀ ਲਗਵਾਈ । ਇੰਜ ਜੀਰ ਸਿੰਘ ਬਰਾੜ ਵਲੋਂ ਦੀਵਾਲੀ ਤਿਉਹਾਰ ਅਤੇ ਬੰਦੀ ਛੋੜ ਦਿਵਸ ਦੀ ਸਾਂਝ ਬਾਰੇ ਜਾਣਕਾਰੀ ਸਾਂਝੀ ਕੀਤੀ। ਰੀਮੈਂਬਰੈਂਸ ਡੇ ਨੂੰ ਯਾਦ ਕਰਦਿਆਂ ਸ਼ਹੀਦਾਂ ਨੂੰ ਯਾਦ ਕੀਤਾ ਗਿਆ। ਇੰਜ ਸੁਖਦੇਵ ਸਿੰਘ ਫੁਲੇਵਾਲੀਆ ਉਪ ਪ੍ਰਧਾਨ ਨੇ ਆਏ ਹੋਏ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ । ਸਾਰੇ ਮੈਂਬਰਾਂ ਨੇ ਗਰਮ ਪਕੌੜਿਆਂ ਦਾ ਅਨੰਦ ਵੀ ਮਾਣਿਆ ।

Ambleridge

NORTHWEST CALGARY

The Full Picture of Family Living



ਸ਼ਾਨਦਾਰ ਰਿੱਜ ਦੇ ਦ੍ਰਿਸ਼,ਸੁਰੱਖਿਅਤ ਰਸਤੇ,ਸੋਹਣੇ ਇਕੱਠ ਸਥਾਨ,ਅਤੇ ਵਿਭਿੰਨ ਰਿਹਾਇਸ਼ੀ ਵਿਕਲਪਾਂ ਦੇ ਨਾਲ ਉੱਤਰ-ਪੱਛਮੀ ਕੈਲਗਰੀ ਦੇ ਰਹਿਣ ਸਹਿਣ ਦੀ ਖੋਜ ਕਰੋ। ਐਬਲਰਿੱਜ ਪਰਿਵਾਰਾਂ ਦੇ ਵਧਣ-ਫੁੱਲਣ ਲਈ ਸੰਪੂਰਣ ਜਗ੍ਹਾ ਹੈ।

ਫੇਸ 2 ਹੁਣ ਵੇਚ ਰਹੇ ਹਾਂ

Homes from the high $400s

ਨਵੀਂ ਲਾਟ ਲੱਭਣ ਲਈ ਇੱਥੇ ਦੇਖੋ: liveinambleridge.com



TOWNHOMES | LANED DUPLEXES | LANED HOMES | FRONT GARAGE HOMES

Broadview Homes | Shane Homes | Sterling Homes | Jayman BUILT | Douglas Homes | Trico Homes | StreetSide Developments

QUALICO communities WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.

ਉਨ੍ਹਾਂ ਦੇ ਸੁਪਨਿਆਂ ਨੂੰ ਉਡਾਣ ਭਰਨ ਲਈ

ਹੋਰ ਜਗ੍ਹਾ ਦਿਓ



LARGER LOTS | GROWING COMMERCIAL HUB | TRIPLE-CAR GARAGES

Front Garage Homes FROM THE LOW $600s

Bungalow Homes FROM THE HIGH $600s

ਸਹੂਲਤ ਨੂੰ ਪਿੱਛੇ ਛੱਡੇ ਬਿਨਾਂ ਵਧਣ ਲਈ ਹੋਰ ਜਗਹ੍ਹਾ ਦੀ ਭਾਲ ਵਿੱਚ — ਤੁਹਾਡੇ ਨਵੇਂ ਘਰ ਵਿੱਚ ਤੁਹਾਡਾ ਸਵਾਗਤ ਹੈ। ਪੇਂਟਡ ਸਕਾਈ ਲੈਂਗਡਨ ਦੇ ਮਨਮੋਹਕ ਪਿੰਡ ਵਿੱਚ ਵੱਡੇ ਪਲਾਟਾਂ 'ਤੇ ਵਿਸ਼ਾਲ ਘਰ ਪੇਸ਼ ਕਰਦਾ ਹੈ। ਇੱਥੇ, ਰੋਜ਼ਾਨਾ ਦੇ ਸਾਹਸ ਤੁਹਾਡੇ ਦਰਵਾਜ਼ੇ ਦੇ ਬਿਲਕੁਲ ਬਾਹਰ ਹਨ। ਪਾਰਕ, ਰਸਤੇ, ਅਤੇ ਸਾਡਾ ਤੇਜ਼ੀ ਨਾਲ ਵਧ ਰਿਹਾ 12-ਏਕੜ ਵਪਾਰਕ ਹੱਬ ਆਸਾਨ ਪਹੁੰਚ ਦੇ ਅੰਦਰ ਹੋਣ ਲਈ ਤਿਆਰ ਕੀਤਾ ਗਿਆ ਹੈ।

PAINTED SKY LANGDON

- Broadview Homes
- Sterling Homes
- NuVista Homes
- Jayman BUILT

paintedskyinlangdon.com

WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE. QUALICO communities

Calgary

Stage 4

ਪਾਣੀ ਸੰਬੰਧੀ ਪਾਬੰਦੀਆਂ

4 ਨਵੰਬਰ ਤੋਂ ਲਾਗੂ

ਸਾਡੇ ਦੁਆਰਾ ਨਵੀਂ ਪਾਈਪ ਜੋੜੇ ਜਾਣ ਸਮੇਂ ਕਿਰਪਾ ਕਰਕੇ ਪਾਣੀ ਦੀ ਬੱਚਤ ਕਰੋ।



ਘਰ ਦੇ ਬਾਹਰ ਪਾਣੀ ਦੀ ਵਰਤੋਂ ਦੀ ਇਜਾਜ਼ਤ ਨਹੀਂ ਹੈ



ਸਿਰਫ਼ ਲੋੜ ਪੈਣ 'ਤੇ ਹੀ ਫਲੱਸ਼ ਕਰੋ



ਡਿਸ਼ਵਾਸ਼ਰ ਅਤੇ ਲੌਂਡਰੀ ਉਦੋਂ ਹੀ ਚਲਾਓ ਜਦੋਂ ਤੁਹਾਡੇ ਕੋਲ ਪੂਰੇ ਲੋਡ ਹੋਣ



ਘੱਟ ਦੇਰ ਲਈ ਸ਼ਾਵਰ ਲਓ। 3 ਮਿੰਟਾਂ ਦਾ ਟੀਚਾ ਰੱਖੋ

calgary.ca/savewater 'ਤੇ ਹੋਰ ਜਾਣੋ।

26-0057064: CRV-48956



ਗੁਲਦਸਤਾ

ਜਾਤ-ਪਾਤ ਤੋਂ ਉੱਪਰ ਉੱਠ ਕੇ ਪਿਆਰ, ਸਾਂਝ ਅਤੇ ਬਰਾਬਰਤਾ ਦਾ ਸੰਦੇਸ਼

ਜਿਸ ਤਰ੍ਹਾਂ ਅਸੀਂ ਕਈ ਪ੍ਰਕਾਰ ਦੇ ਫੁੱਲਾਂ ਨੂੰ ਇਕੱਠਾ ਕਰਕੇ ਇੱਕ ਗੁਲਦਸਤਾ ਬਣਾਉਂਦੇ ਹਾਂ ਜਿਸ ਵਿੱਚ ਕਈ ਪ੍ਰਕਾਰ ਦੇ ਰੰਗਾਂ ਦੇ ਫੁੱਲ ਹੁੰਦੇ ਹਨ- ਲਾਲ, ਗੁਲਾਬੀ, ਨੀਲੇ, ਪੀਲੇ, ਚਿੱਟੇ, ਗੂੜ੍ਹੇ ਰੰਗਾਂ ਦੇ ਅਤੇ ਫਿੱਕੇ ਰੰਗਾਂ ਦੇ, ਸਾਰੇ ਰੰਗ ਸ਼ਾਮਿਲ ਹੁੰਦੇ ਹਨ, ਤੇ ਜਦੋਂ ਅਸੀਂ ਉਹਨਾਂ ਨੂੰ ਇਕੱਠੇ ਕਰਕੇ ਗੁਲਦਸਤੇ ਦਾ ਰੂਪ ਦਿੰਦੇ ਹਾਂ ਤਾਂ ਉਨ੍ਹਾਂ ਦੀ ਵੱਖਰੀ ਹੀ ਖੂਬਸੂਰਤੀ ਨਜ਼ਰ ਆਉਂਦੀ ਹੈ, ਜੋ ਸਾਰਿਆਂ ਦੇ ਦਿਲਾਂ ਨੂੰ ਬਹੁਤ ਪਿਆਰੀ ਲੱਗਦੀ ਹੈ। ਇਹਨਾਂ ਫੁੱਲਾਂ ਦੀ ਆਪਣੀ ਖੁਸ਼ਬੂ ਹੁੰਦੀ ਹੈ ਅਤੇ ਵੱਖਰੇ ਵੱਖਰੇ ਗੁਣ ਹੁੰਦੇ ਹਨ।

ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਜਦੋਂ ਖਾਲਸਾ ਪੰਥ ਸਾਜਿਆ ਤਾਂ ਉਸ ਦਿਨ ਕਈ ਵਰਣਾਂ ਦੇ ਲੋਕ ਸ਼ਾਮਿਲ ਸਨ, ਜਿਨ੍ਹਾਂ ਨੂੰ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਛਕਾ ਕੇ, ਪੰਜ ਪਿਆਰੇ ਬਣਾਇਆ ਜਿਸ ਦੀ ਰਹਿੰਦੀ ਦੁਨੀਆਂ ਤੱਕ ਵੱਖਰੀ ਪਹਿਚਾਣ ਬਣ ਗਈ। ਸਾਡੇ ਗੁਰੂ ਸਾਹਿਬਾਨ ਨੇ ਜਾਤ ਪਾਤ ਤੋਂ ਸਾਨੂੰ ਉੱਪਰ ਉਠਾ ਕੇ ਸਮਾਨਤਾ ਅਤੇ ਬਰਾਬਰਤਾ ਦਾ ਸੰਦੇਸ਼ ਦਿੱਤਾ ਹੈ। ਪਰ ਅਸੀਂ ਪਤਾ ਨਹੀਂ ਕਿਉਂ ਭੁੱਲ ਜਾਂਦੇ ਹਾਂ? ਕੋਈ ਉੱਚਾ- ਨੀਵਾਂ ਨਹੀਂ ਹੈ। ਕੋਈ ਗੋਰਾ ਹੈ ਜਾਂ ਕਾਲਾ ਹੈ, ਆਪਣੇ ਧਰਮ ਦਾ ਹੈ ਜਾਂ ਦੂਜੇ ਦਾ, ਹਰ ਇੱਕ ਨੂੰ ਪਿਆਰ ਕਰੋ ਅਤੇ ਇੱਜਤ ਦਿਓ। ਮੰਨੋ ਆਪਣੇ ਧਰਮ ਨੂੰ, ਪਰ ਦੂਜੇ ਧਰਮਾਂ ਦਾ ਵੀ ਸਤਿਕਾਰ ਕਰੋ। ਹਰ ਇੱਕ ਕੋਲੋਂ ਕੁੱਝ ਨਾ ਕੁੱਝ ਸਿੱਖਣ ਦੀ ਕੋਸ਼ਿਸ਼ ਕਰੋ।

ਜੇ ਮੈਂ ਆਪਣੀ ਗੱਲ ਕਰਾਂ ਤਾਂ ਮੇਰੇ ਪਰਿਵਾਰ ਵਿੱਚ ਵੀ ਕਈ ਰੰਗਾਂ ਦੇ ਫੁੱਲ ਸ਼ਾਮਿਲ ਹਨ। ਮੇਰੇ ਚਾਰ ਬੱਚੇ ਹਨ ਦੋ ਬੇਟੇ ਅਤੇ ਦੋ ਬੇਟੀਆਂ। ਮੇਰੀ ਵੱਡੀ ਬੇਟੀ ਪੰਜਾਬੀ ਪਰਿਵਾਰ ਵਿੱਚ ਵਿਆਹੀ ਹੈ ਤੇ ਛੋਟੀ ਬੇਟੀ ਹਿੰਦੂ ਪਰਿਵਾਰ ਵਿੱਚ। ਵੱਡਾ ਬੇਟਾ ਗੋਰੀ ਨਾਲ ਵਿਆਹਿਆ ਹੈ ਜੋ ਅਮਰੀਕਾ ਦੀ ਜੰਮਪਲ ਹੈ, ਛੋਟਾ ਬੇਟੇ ਦੀ ਪਤਨੀ ਵੀ ਗੋਰੀ ਹੈ ਜੋ ਕੈਲਗਰੀ ਕੈਨੇਡਾ ਤੋਂ ਹੈ। ਜੇ



ਸਰਬਜੀਤ ਕੌਰ ਉੱਪਲ
ਕੈਲਗਰੀ
1 403 988 6989

ਅਸੀਂ ਸੰਜੋਗਾਂ ਨੂੰ ਮੰਨਦੇ ਹਾਂ ਤਾਂ ਇਹ ਵੀ ਸੰਜੋਗ ਹੀ ਹਨ। ਮੇਰੀ ਵੱਡੀ ਨੂੰਹ ਅਮਰੀਕਾ ਤੋਂ ਪੜ੍ਹਨ ਵਾਸਤੇ ਵੈਨਕੂਵਰ ਆਈ ਸੀ, ਅਤੇ ਮੇਰਾ ਬੇਟਾ ਕੈਲਗਰੀ ਤੋਂ ਫਿਲਮਾਂ ਬਣਾਉਣ ਦੀ ਪੜ੍ਹਾਈ ਕਰਨ ਲਈ ਵੈਨਕੂਵਰ ਚਲਾ ਗਿਆ। ਮੇਰਾ ਬੇਟਾ ਹਿੰਦੀ ਸਿੱਖਣ ਲਈ, ਜਿਸ ਕਲਾਸ ਵਿੱਚ ਗਿਆ, ਉਥੇ ਹੀ ਮੇਰੀ ਨੂੰਹ ਵੀ ਹਿੰਦੀ ਸਿੱਖਣ ਲਈ ਆਈ ਹੋਈ ਸੀ। ਦੋਵੇਂ ਆਪਸ ਵਿੱਚ ਮਿਲੇ ਤੇ ਦੋਹਾਂ ਦੀ ਦੋਸਤੀ ਹੋ ਗਈ। ਉਸ ਤੋਂ ਬਾਅਦ ਉਹਨਾਂ ਦਾ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਵਿਆਹ ਕਰ ਦਿੱਤਾ। ਵਿਆਹ ਤੋਂ ਬਾਅਦ ਮੇਰੀ ਨੂੰਹ ਨੂੰ ਨੌਕਰੀ ਅਮਰੀਕਾ ਵਿੱਚ ਮਿਲ ਗਈ, ਅਤੇ ਮੇਰਾ ਬੇਟਾ ਵੀ ਕੈਲੀਫੋਰਨੀਆ ਹੀ ਸੈਟਲ ਹੋ ਗਿਆ। ਮੈਨੂੰ ਲੱਗਦਾ ਹੈ ਕਿ ਜਿੱਥੇ ਰੋਜ਼ੀ ਰੋਟੀ ਹੁੰਦੀ ਹੈ, ਜਾਂ ਸੰਜੋਗ ਹੁੰਦਾ ਹੈ, ਉੱਥੇ ਬੰਦਾ ਜਰੂਰ ਪਹੁੰਚ ਜਾਂਦਾ ਹੈ। ਮੇਰਾ ਵੱਡਾ ਜਵਾਈ ਵੈਨਕੂਵਰ ਤੋਂ ਕੈਲਗਰੀ ਵਕਾਲਤ ਦੀ ਪੜ੍ਹਾਈ ਕਰਨ ਲਈ ਆਇਆ ਸੀ। ਉਹ ਮੇਰੀ ਬੇਟੀ ਨੂੰ ਮਿਲਿਆ। ਛੇਤੀ ਹੀ ਉਹਨਾਂ ਦਾ ਵਿਆਹ ਹੋ ਗਿਆ, ਅਤੇ ਉਹ ਵੈਨਕੂਵਰ ਸੈਟਲ ਹੋ ਗਏ। ਮੇਰੇ ਦੋ ਬੱਚੇ ਕੈਲਗਰੀ ਵਿੱਚ ਹੀ ਹਨ। ਇੱਕ ਦਿਨ ਅਸੀਂ ਸਾਰਾ ਪਰਿਵਾਰ ਇਕੱਠੇ ਬੈਠੇ ਸੀ। ਮੈਂ ਸਾਰਿਆਂ ਦੇ ਮੂੰਹਾਂ ਵੱਲ ਦੇਖਿਆ ਤੇ ਮੇਰੇ ਦਿਲ ਵਿੱਚ ਖਿਆਲ ਆਇਆ-

÷ਸਭ ਰੰਗ ਲਾਇਆ, ਖੁਦਾ ਮੇਰੇ ਘਰ ਮੇਂ।
ਇੱਕ ਸੁੰਦਰ ਗੁਲਦਸਤਾ ਸਜਾਇਆ, ਖੁਦਾ ਮੇਰੇ ਘਰ ਮੇਂ!÷

ਮੈਂ ਸੋਚਦੀ ਹਾਂ, ਕਿ ਜੇ ਸਾਡੇ ਗੁਰੂਆਂ ਨੇ ਜਾਤ ਪਾਤ ਨੂੰ ਖਤਮ ਕੀਤਾ ਹੈ ਤਾਂ ਫਿਰ ਅਸੀਂ ਕਿਉਂ ਜਾਤਾਂ ਪਾਤਾਂ ਦੇ ਚੱਕਰ ਵਿੱਚ ਪਏ ਹੋਏ ਹਾਂ। ਅਗਰ ਸਾਡੇ ਬੱਚੇ ਕਿਸੇ ਨੂੰ ਸੱਚਾ ਪਿਆਰ ਕਰਦੇ ਹਨ, ਵਿਆਹ ਕਰਾਉਣਾ ਚਾਹੁੰਦੇ ਹਨ, ਤਾਂ ਸਾਨੂੰ ਉਹਨਾਂ ਦੀਆਂ ਖੁਸ਼ੀਆਂ ਵਿੱਚ ਪਿਆਰ ਨਾਲ ਸ਼ਾਮਿਲ ਹੋਣਾ ਚਾਹੀਦਾ ਹੈ। ਜੇ ਅਸੀਂ ਉਹਨਾਂ ਨਾਲ ਸਹਿਮਤ ਨਹੀਂ ਵੀ ਹੁੰਦੇ ਤਾਂ ਵੀ ਉਨਾਂ ਨੇ ਵਿਆਹ ਤਾਂ ਕਰਵਾ ਹੀ ਲੈਣਾ ਹੁੰਦਾ ਹੈ। ਪਰ ਉਸ ਵਿਆਹ ਵਿੱਚ ਨਾ ਬੱਚੇ ਖੁਸ਼ ਹੁੰਦੇ ਹਨ ਤੇ ਨਾ ਸਾਨੂੰ ਖੁਸ਼ੀ ਮਿਲਦੀ ਹੈ ਕਿਉਂਕਿ ਉਹ ਵੀ ਸਾਨੂੰ ਆਪਣੀਆਂ ਖੁਸ਼ੀਆਂ ਵਿੱਚ ਸ਼ਾਮਿਲ ਕਰਨਾ ਚਾਹੁੰਦੇ ਹਨ। ਸੋ ਆਓ ਆਪਾਂ ਜਾਤਾਂ ਪਾਤਾਂ ਤੋਂ ਉੱਪਰ ਉੱਠ ਕੇ ਇੱਕ ਨਵੇਂ ਭਾਈਚਾਰਕ ਸਾਂਝ ਵਾਲੇ ਸਮਾਜ ਦੀ ਸਿਰਜਣਾ ਕਰੀਏ।

ਇਹ ਮੇਰਾ ਨਿਜੀ ਤਜਰਬਾ ਹੈ ਕਿ ਜੇ ਤੁਸੀਂ ਕਿਸੇ ਨੂੰ ਪਿਆਰ ਕਰਦੇ ਹੋ ਤਾਂ ਤੁਹਾਨੂੰ ਵਾਪਸ ਪਿਆਰ ਜਰੂਰ ਮਿਲਦਾ ਹੈ। ਮੇਰੀਆਂ ਗੋਰੀਆਂ ਨੂੰਹਾਂ ਪੰਜਾਬੀ ਪਰਿਵਾਰਾਂ ਦੇ ਵਿਆਹਾਂ ਵਿੱਚ, ਪੰਜਾਬੀ ਡਰੈਸ ਬਣਵਾ ਕੇ ਪਾਉਂਦੀਆਂ ਹਨ, ਅਤੇ ਮੇਰੇ ਨਾਲ ਨੱਚਦੀਆਂ ਗਾਉਂਦੀਆਂ ਹਨ। ਮੇਰੇ ਘਰ ਵਿੱਚ ਵੀ ਜਦ ਅਸੀਂ ਸਾਰਾ ਪਰਿਵਾਰ ਦਿਨ ਤਿਉਹਾਰ ਤੇ ਇਕੱਠੇ ਹੁੰਦੇ ਹਾਂ ਤਾਂ ਮਿਲ ਕੇ ਖਾਣਾ ਬਣਾਉਂਦੇ ਹਾਂ, ਮਿਲ ਕੇ ਖਾਂਦੇ ਹਾਂ ਤਾਂ ਸਾਰੇ ਉਸ ਦਾ ਆਨੰਦ ਮਾਣਦੇ ਹਨ। ਮੇਰੇ ਘਰ ਵਿੱਚ ਬਣਿਆ ਪੰਜਾਬੀ ਖਾਣਾ, ਦਾਲ-ਰੋਟੀ, ਸਾਗ, ਕੜ੍ਹੀ, ਮੇਰੀਆਂ ਗੋਰੀਆਂ ਨੂੰਹਾਂ ਵੀ ਬਹੁਤ ਪਸੰਦ ਕਰਦੀਆਂ ਹਨ। ਇਕੱਠੇ ਮਿਲ ਕੇ ਕੰਮ ਕਰਨ ਦਾ, ਅਤੇ ਖਾਣ ਦਾ ਵੱਖਰਾ ਹੀ ਨਜ਼ਾਰਾ ਹੁੰਦਾ ਹੈ। ਇੱਕ ਹੋਰ ਗੱਲ, ਮੇਰੇ 8 ਗ੍ਰੈਂਡ ਕਿਡਸ ਨੂੰ, ਆਪੋ ਆਪਣਾ ਹਾਣ ਮਿਲ ਜਾਂਦਾ ਹੈ, ਅਤੇ ਉਹ ਜਿੰਨਾ ਇੰਨਜੁਆਏ ਕਰਦੇ ਹਨ, ਉਹ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਲ ਹੈ।

ਮੈਂ ਜਦੋਂ ਦੀ ਕਨੇਡਾ ਆਈ ਹਾਂ, ਮੈਨੂੰ ਦੂਜੇ ਧਰਮਾਂ ਦੇ ਲੋਕਾਂ ਨਾਲ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਹਰ ਇੱਕ ਕੋਲੋਂ ਮੈਨੂੰ ਵੱਖਰਾ ਹੀ ਪਿਆਰ ਮਿਲਿਆ ਹੈ। ਮੈਂ ਗੋਰਿਆਂ ਦੀ ਫੈਕਟਰੀ ਵਿੱਚ ਕੰਮ ਕੀਤਾ ਹੈ ਅਤੇ 35 ਸਾਲ ਕੰਮ ਕਰਨ ਬਾਅਦ ਰਿਟਾਇਰ ਹੋਈ ਹਾਂ। ਉਥੇ ਮੈਨੂੰ ਜਿੰਨਾ ਪਿਆਰ ਸਤਿਕਾਰ ਮਿਲਿਆ, ਉਹ ਮੈਂ ਦੱਸ ਨਹੀਂ ਸਕਦੀ। ਕਈ ਵਾਰੀ ਮੈਂ ਸੋਚਦੀ ਹਾਂ ਕਿ ਇਹਨਾਂ ਲੋਕਾਂ ਨਾਲ ਮੇਰਾ ਕੋਈ ਪਿਛਲੇ ਜਨਮ ਦਾ ਸਬੰਧ ਹੋਏਗਾ। ਬਾਕੀ ਆਪਣੇ ਤੇ ਵੀ ਨਿਰਭਰ ਕਰਦਾ ਹੈ, ਕਿਉਂਕਿ ਚੰਗਾ ਬੁਰਾ ਸਾਨੂੰ ਆਪਣੇ ਕੀਤੇ ਕਰਮਾਂ ਕਾਰਨ ਹੀ ਮਿਲਦਾ ਹੈ। ਅਖੀਰ ਵਿੱਚ ਮੈਂ ਇਹੀ ਕਹਿਣਾ ਚਾਹੁੰਦੀ ਹਾਂ ਕਿ ਜੇ ਤੁਸੀਂ ਵੀ ਸਾਰੇ ਖੁਸ਼ੀਆਂ ਭਰਿਆ ਜੀਵਨ ਜਿਉਣਾ ਚਾਹੁੰਦੇ ਹੋ ਤਾਂ ਜਾਤਾਂ ਪਾਤਾਂ ਤੋਂ ਉੱਪਰ ਉੱਠ ਕੇ, ਸਮੁੱਚੀ ਲੋਕਾਈ ਨੂੰ ਪਿਆਰ ਕਰੋ। ਕਿਉਂਕਿ-

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ (ਭਗਤ ਕਬੀਰ ਜੀ)

ਸੱਠ-ਸੱਤਰ ਸਾਲਾ ਸਾਥਣ ਦੀ ਵਿਦਾਈ !

ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuri@yahoo.com

ਕਿਸੇ ਵੇਲੇ ਸਾਨੂੰ ਦੰਦਾਂ ਬਾਰੇ 'ਦੱਦੇ' ਅੱਖਰ ਨਾਲ ਸ਼ੁਰੂ ਹੁੰਦੇ ਸਾਰੇ ਸ਼ਬਦਾਂ ਵਾਲ਼ਾ ਇਹ ਵਾਕ ਕਿਸੇ ਗੀਤ ਵਾਂਗ ਲਗਦਾ ਹੁੰਦਾ ਸੀ-

'ਦੇਬੇ ਦੀ ਦਾਦੀ ਦੇ ਦੋ ਦੰਦ ਦੁਖਦੇ ਦਿੱਲੀ ਦੇ ਦੁਕਾਨਦਾਰਾ ਦੁਆਈ ਦੇਹ !'

ਹੁਣ ਸੱਤਰ੍ਹਵੇਂ ਸਾਲ 'ਚ ਪਹੁੰਚ ਕੇ ਜਦ ਮੇਰੇ ਉਤਲੀਆਂ ਦਾੜ੍ਹਾਂ 'ਚ ਦਰਦ ਹੋਣ ਲੱਗਾ ਤਾਂ ਫਿਰ ਸੋਚਿਆ ਕਿ ਇਹਦੀ ਦਵਾਈ ਦੱਦੇ ਅੱਖਰ ਵਾਲ਼ੇ ਦੁਕਾਨਦਾਰ ਤੋਂ ਲੈਣ ਦੀ ਬਜਾਏ 'ਡੀ' ਅੱਖਰ ਵਾਲ਼ੇ ਡੈਂਟਿਸਟ ਕੋਲ਼ ਜਾਣਾ ਪੈਣਾ !

ਪਹਿਲਾਂ ਘਰੇਲੂ ਓਹੜ-ਪੋਹੜ ਵਜੋਂ,ਦਰਦ ਕਰਦੀ ਦਾੜ੍ਹ ਦੇ ਆਲ਼ੇ ਦੁਆਲ਼ੇ ਲੌਂਗਾਂ ਦਾ ਤੇਲ ਲਾਉਣਾ ਸ਼ੁਰੂ ਕੀਤਾ।ਮੈਂ ਚਾਹੁੰਦਾ ਸਾਂ ਕਿ ਦੱਬ-ਘੁੱਟ ਕੇ ਟਾਈਮ ਪਾਸ ਕਰ ਲਵਾਂ।ਆਮ ਪ੍ਰਵਾਸੀਆਂ ਵਾਂਗ ਵਿਦੇਸ਼ ਦੀ ਥਾਂ ਪੰਜਾਬ ਜਾ ਕੇ ਹੀ ਦੰਦਾਂ ਦਾ ਇਲਾਜ ਕਰਵਾਵਾਂ ਗਾ !ਕਿਉਂ ਕਿ ਕੈਨੇਡਾ ਅਮਰੀਕਾ ਵਿੱਚ ਡੈਂਟਿਸਟ ਦਾ 'ਮੋਟਾ ਬਿੱਲ' ਦੇਖ ਕੇ ਦੰਦੋ-ੜਿੱਕਾ ਵੱਜਣ ਲੱਗ ਜਾਂਦਾ ਹੁੰਦਾ ! ਪਰ ਵਧਦਾ ਜਾਂਦਾ ਦਾੜ੍ਹ ਦਰਦ ਦੇਖ ਕੇ ਆਪਣੇ ਪਿੰਡ ਵਾਲ਼ੇ ਬਾਬੇ ਪ੍ਰੇਮੇ ਦਾ ਇਹ ਟੋਟਕਾ ਵੀ ਮੇਰੇ ਮਨ ਮਸਤਿਕ 'ਚ ਘੁੰਮਣ ਲੱਗਾ-

'ਰਾਹ ਦੇ ਵਿੱਚ ਖੁੱਤੀ ਬੁਰੀ-ਪੈਰੀਂ ਤੰਗ ਜੁੱਤੀ ਬੁਰੀ

ਦੁੱਖ ਬੁਰਾ ਦਾੜ੍ਹ ਦਾ-- ਕਲ਼ੇਜਾ ਰਹੇ ਸਾੜਦਾ .!'

ਚਲੋ ਖੈਰ,ਜਦ ਦਾੜ੍ਹਾਂ 'ਚ ਦਰਦ ਲਗਾਤਾਰ ਹੋਣ ਲੱਗਾ ਅਤੇ ਲੌਂਗ-ਤੇਲ ਦੇ ਵੀ ਹੱਥ ਖੜ੍ਹੇ ਹੋ ਗਏ ਤਾਂ ਸਤੰਬਰ ਮਹੀਨੇ ਡੈਂਟਿਸਟ ਡਾਕਟਰ ਦਲਬੀਰ ਸਿੰਘ ਪੰਨੂ ਸਾਹਿਬ ਨੂੰ ਫੋਨ ਕੀਤਾ।ਯਾਦ ਰਹੇ ਡਾਕਟਰ ਪੰਨੂ ਪ੍ਰਸਿੱਧ ਡੈਂਟਿਸਟ ਹੋਣ ਦੇ ਨਾਲ ਨਾਲ ਸਿੱਖ ਸਕਾਲਰ ਵੀ ਹਨ ਜਿਨ੍ਹਾਂ ਪਾਕਿਸਤਾਨ ਵਿੱਚ ਰਹਿ ਗਈ ਸਿੱਖ ਵਿਰਾਸਤ ਉੱਤੇ ਏਡਾ ਵੱਡਾ ਕੰਮ ਕੀਤਾ ਹੋਇਆ ਹੈ ਕਿ ਉਹ ਸਾਹਿਤ ਵਿੱਚ ਡਾਕਟ੍ਰੇਟ ਦੀ ਉਪਾਧੀ ਦੇ ਹੱਕਦਾਰ ਬਣਦੇ ਹਨ।ਮੇਰੇ ਲਈ ਗੌਰਵ ਵਾਲ਼ੀ ਗੱਲ ਹੈ ਕਿ ਉਹ ਮੈਨੂੰ ਆਪਣੇ ਸਲਾਹਕਾਰ ਵਜੋਂ ਮਾਣ ਸਤਿਕਾਰ ਦਿੰਦੇ ਨੇ। ਇਸੇ ਸਨੇਹ ਸਦਕਾ ਮੈਨੂੰ ਉਨ੍ਹਾਂ ਦੇ ਸੈਨਹੋਜ਼ੇ ਵਾਲ਼ੇ ਕਲੀਨਿਕ ਵਿਖੇ ਜਾਣ ਦਾ ਤੁਰੰਤ ਸਮਾਂ ਮਿਲ਼ ਗਿਆ।'ਐਕਸ-ਰੇ' ਵਗੈਰਾ ਦੀ ਜਾਂਚ-ਪੜਤਾਲ ਤੋਂ ਬਾਅਦ ਇੱਕ ਦਾੜ੍ਹ ਪੁੱਟਣ ਦਾ ਫੈਸਲਾ ਹੋਇਆ ਪਰ ਮੇਰੀ ਸ਼ੂਗਰ ਵੱਧੀ ਹੋਣ ਕਰਕੇ ਇਹ ਫੈਸਲਾ ਕੈਂਸਲ ਕਰਨਾ ਪਿਆ।ਦਰਦ-ਨਿਵਾਰਕ ਗੋਲ਼ੀਆਂ, ਮੈਡੀਕੇਟਿਡ ਟੂੱਥਪੇਸਟ ਅਤੇ ਅਗਲੀ 10 ਨਵੰਬਰ ਦੀ ਅਪੌਇੰਟਮੈਂਟ ਬਣਾ ਕੇ ਮੈਂ ਕਲੀਨਿਕ ਤੋਂ ਵਾਪਸ ਆ ਗਿਆ। ਲਉ ਜੀ,ਹੁਣ ਲੰਘੇ 10 ਨਵੰਬਰ ਵਾਲ਼ੇ ਦਿਨ ਪੰਨੂ ਸਾਹਬ ਨੇ ਕੁੱਝ ਹੀ ਮਿੰਟਾਂ ਵਿੱਚ ਮੇਰੀ ਖੱਬੀ ਉਤਲੀ ਦਾੜ੍ਹ ਕੱਢ ਕੇ ਸਾਹਮਣੇ ਰੱਖ ਦਿੱਤੀ !

ਸਾਹਮਣੇ ਚਿੱਟੇ ਕਾਗਜ਼ 'ਤੇ ਪਈ ਆਪਣੀ ਕੀੜਾ ਲੱਗੀ ਹੋਈ ਦਾੜ੍ਹ ਦੇਖ ਕੇ ਮੈਂ ਭਾਵੁਕ ਜਿਹਾ ਹੋ ਗਿਆ .!

ਸੰਨ ਸਤਵੰਜਾ 'ਚ ਮੇਰੇ ਜਨਮ ਤੋਂ ਕੁੱਝ ਮਹੀਨੇ ਬਾਅਦ ਜਦ ਮੇਰੀ ਮਾਂ ਨੇ ਮੇਰੇ ਮੂੰਹ ਵਿੱਚ ਨਿੱਕਲ਼ ਰਹੇ ਦੰਦਾਂ ਦੇ ਨਾਲ਼ ਨਾਲ਼ ਇਹ ਦਾੜ੍ਹ ਨਿਕਲਦੀ ਦੇਖੀ ਹੋਵੇ ਗੀ ਤਾਂ ਉਸਨੇ ਹੁੱਬ ਹੁੱਬ ਕੇ ਬੜੇ ਚਾਅ-ਮਲਾਰ ਨਾਲ ਆਂਢਣਾ ਗੁਆਂਢਣਾ ਨੂੰ ਦੱਸਿਆ ਹੋਵੇ ਗਾ ਕਿ ਕੁੜੇ ਭੈਣੇ,ਹੁਣ ਮੇਰੇ ਪੁੱਤ ਨੇ ਦੁੱਧ ਚੁੰਘਣਾ ਛੱਡ ਦੇਣਾ ਐਂ ਤੇ ਰੋਟੀ ਖਾਇਆ ਕਰੂ ਗਾ ! 'ਮਾਵਾਂ ਪਿਆਰੀਆਂ ਨੇ ਆਪਣੇ ਬੱਚਿਆਂ ਦਾ, ਮੂੰਹ ਦੇ ਵਿੱਚ ਗਿਣਿਆਂ ਇੱਕ ਇੱਕ ਦੰਦ ਹੁੰਦਾ !'



.ਤੇ ਅੱਜ ਮੈਂ ਇਸ ਸੱਤਰ ਸਾਲ ਦੀ ਸਾਥਣ ਦਾੜ੍ਹ ਨੂੰ ਵਿਦਾਈ ਦੇ ਰਿਹਾ ਹਾਂ !ਕਾਗਜ਼ 'ਚ ਲਪੇਟੀ ਦਾੜ੍ਹ ਮੈਨੂੰ ਫੜਾਉਂਦਿਆਂ ਡਾਕਟਰ ਪੰਨੂ ਹੁਰਾਂ ਵਿਅੰਗ ਕੱਸਿਆ-

'ਇਹਨੂੰ ਸੂਰਜ ਨੂੰ ਦਿਖਾ ਕੇ ਸੁੱਟਿਉ !'

ਘਰ ਆ ਕੇ ਜਬ੍ਹਾੜੇ ਦੀ ਸੋਜ ਉਤਰਨ ਬਾਅਦ ਜਦ ਮੈਂ ਸ਼ੀਸ਼ੇ 'ਚ ਦੇਖਿਆ ਤਾਂ ਕੱਢੀ ਦਾੜ੍ਹ ਵਾਲ਼ੇ ਪਾਸਿਉਂ ਥੋੜਾ ਪਿਚਕਿਆ ਜਿਹਾ ਲੱਗਾ ! ਆਸਾ ਸਿੰਘ ਮਸਤਾਨੇ ਦਾ ਗੀਤ ਬੁੱਲ੍ਹਾਂ 'ਤੇ ਆ ਗਿਆ-

'ਝੜ ਗਏ ਦੰਦ ਮੋਤੀਆਂ ਵਰਗੇ ਬਣ ਗਿਆ ਰੂਪ ਕਰੇਲਾ !'

ਸਿੱਖ ਇਤਿਹਾਸ ਦਾ ਇੱਕ ਸੁਨਹਿਰੀ ਹਿੱਸਾ ਕੈਲਗਰੀ ਵਿੱਚ ਸਥਾਪਿਤ ਹੋਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 13 ਨਵੰਬਰ – ਸਿੱਖ ਅਤੇ ਪੰਜਾਬੀ ਇਤਿਹਾਸ ਦਾ ਇੱਕ ਬਹੁਤ ਹੀ ਖਾਸ ਹਿੱਸਾ ਹੁਣ ਕੈਲਗਰੀ ਦੇ 'ਦਿ ਮਿਲਟਰੀ ਮਿਊਜ਼ੀਅਮਜ਼' (The Military Museums) ਵਿੱਚ, 'ਦਿ ਕਿੰਗਜ਼ ਓਨ ਕੈਲਗਰੀ ਰੈਜੀਮੈਂਟ' (KOCR) ਦੇ ਸੰਗ੍ਰਹਿ ਦੇ ਹਿੱਸੇ ਵਜੋਂ, ਸਥਾਪਤੀ ਹੋਈ ਹੈ। ਮਹਾਰਾਜਾ ਰਣਜੀਤ ਸਿੰਘ ਦੇ ਇਤਿਹਾਸਕ ਸਿੰਘਾਸਣ ਦੀ ਇੱਕ ਪ੍ਰਤੀਕ੍ਰਿਤੀ (ਨਕਲ) – ਜਿਸਨੂੰ ਕੈਲਗਰੀ ਦੇ ਪੰਜਾਬੀ ਭਾਈਚਾਰੇ ਦੇ ਸਥਾਪਿਤ ਬਿਜਨਿਸਮੈਨ ਮੋਨੀ ਮਿਨਹਾਸ ਨੇ ਤਿਆਰ ਕਰਵਾਇਆ ਹੈ ਅਤੇ ਇੱਕ ਕਲਾਕਾਰ ਨੇ 24-ਕੈਰੇਟ ਸੋਨੇ ਦੀ ਵਰਤੋਂ ਕਰਕੇ ਬਹੁਤ ਬਾਰੀਕੀ ਨਾਲ ਬਣਾਇਆ ਹੈ – ਨੂੰ ਕੈਨੇਡੀਅਨ ਅਤੇ ਭਾਰਤੀ ਸੈਨਿਕਾਂ ਦੇ ਸਾਂਝੇ ਇਤਿਹਾਸ ਨੂੰ ਉਜਾਗਰ ਕਰਨ ਲਈ ਪ੍ਰਦਰਸ਼ਿਤ ਕੀਤਾ ਗਿਆ ਹੈ। ਇਹ ਪ੍ਰਦਰਸ਼ਨੀ ਦੂਜੇ ਵਿਸ਼ਵ ਯੁੱਧ ਦੌਰਾਨ ਕਾਇਮ ਹੋਏ ਉਸ ਅਹਿਮ ਰਿਸ਼ਤੇ ਨੂੰ ਯਾਦ ਕਰਾਉਂਦੀ ਹੈ, ਜਦੋਂ 'ਦਿ ਕਿੰਗਜ਼ ਓਨ ਕੈਲਗਰੀ ਰੈਜੀਮੈਂਟ' ਅਤੇ '8ਵੀਂ ਇੰਡੀਅਨ ਡਿਵੀਜ਼ਨ' ਦੇ ਸੈਨਿਕਾਂ (ਜਿਨ੍ਹਾਂ ਵਿੱਚ ਪੰਜਾਬੀ ਸੈਨਿਕ ਵੀ ਸ਼ਾਮਲ ਸਨ) ਨੇ 'ਇਤਾਲਵੀ ਮੁਹਿੰਮ' (Italian Campaign) ਦੌਰਾਨ ਮੋਢੇ ਨਾਲ ਮੋਢਾ ਜੋੜ ਕੇ ਲੜਾਈ ਲੜੀ ਸੀ। ਇਸ ਸੰਗ੍ਰਹਿ ਵਿੱਚ ਇੱਕ ਇਤਿਹਾਸਕ ਮਰਾਠਾ ਤਲਵਾਰ ਵੀ ਸ਼ਾਮਲ ਹੈ, ਜੋ ਮਈ 1948 ਵਿੱਚ ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ, ਸਰਦਾਰ ਹਰਦਿਤ ਸਿੰਘ ਮਲਿਕ ਦੁਆਰਾ 'ਦਿ ਕਿੰਗਜ਼ ਓਨ ਕੈਲਗਰੀ ਰੈਜੀਮੈਂਟ' ਨੂੰ ਭੇਟ ਕੀਤੀ ਗਈ ਸੀ। ਇਹ ਸਾਰੀਆਂ ਵਸਤੂਆਂ ਮਿਲ ਕੇ ਫੌਜੀ ਸੇਵਾ, ਦੋਸਤੀ, ਕੁਰਬਾਨੀ ਅਤੇ ਸਾਡੇ ਦੇਸ਼ਾਂ ਵਿਚਕਾਰ ਮੌਜੂਦ ਅਟੁੱਟ ਬੰਧਨਾਂ ਦੀ ਇੱਕ ਪ੍ਰਭਾਵਸ਼ਾਲੀ ਕਹਾਣੀ ਬਿਆਨ ਕਰਦੀਆਂ ਹਨ। ਪਰ ਇਹ ਸਿੰਘਾਸਣ ਇੱਕ ਹੋਰ ਬਹੁਤ ਮਹੱਤਵਪੂਰਨ ਪਹਿਲੂ ਨੂੰ ਦਰਸਾਉਂਦਾ ਹੈ। ਸਿੱਖ ਸਾਮਰਾਜ ਦੇ ਬਾਨੀ, ਮਹਾਰਾਜਾ ਰਣਜੀਤ ਸਿੰਘ (1780-1839) ਇੱਕ ਅਜਿਹੇ ਕਮਾਲ ਦੇ ਆਗੂ ਸਨ ਜਿਨ੍ਹਾਂ ਦਾ ਰਾਜ ਧਾਰਮਿਕ ਸਹਿਣਸ਼ੀਲਤਾ, ਵਿਭਿੰਨਤਾ ਅਤੇ ਸਮਾਵੇਸ਼ੀ ਸੋਚ ਲਈ ਜਾਣਿਆ ਜਾਂਦਾ ਸੀ। ਉਨ੍ਹਾਂ ਦੇ ਰਾਜ ਵਿੱਚ ਸਿੱਖ, ਹਿੰਦੂ, ਮੁਸਲਮਾਨ, ਈਸਾਈ ਅਤੇ ਵੱਖ-ਵੱਖ ਵਿਚਾਰਧਾਰਾਵਾਂ ਤੇ ਪਿਛੋਕੜਾਂ ਵਾਲੇ ਲੋਕ ਮਿਲ-ਜੁਲ ਕੇ ਰਹਿੰਦੇ ਸਨ। ਉਨ੍ਹਾਂ ਨੇ ਲੋਕਾਂ ਨੂੰ ਉਨ੍ਹਾਂ ਦੇ ਧਰਮ ਦੀ ਬਜਾਏ ਉਨ੍ਹਾਂ ਦੀ ਕਾਬਲੀਅਤ ਦੇ ਆਧਾਰ 'ਤੇ ਅਹੁਦਿਆਂ 'ਤੇ ਨਿਯੁਕਤ ਕੀਤਾ, ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਵੱਖ-ਵੱਖ ਧਰਮਾਂ ਅਤੇ ਸਭਿਆਚਾਰਾਂ ਦੇ ਲੋਕ ਇਕੱਠੇ ਰਹਿ ਸਕਦੇ ਹਨ, ਕੰਮ ਕਰ ਸਕਦੇ ਹਨ ਅਤੇ ਤਰੱਕੀ ਕਰ ਸਕਦੇ ਹਨ। ਇਹੀ ਉਹ ਸੁਨੇਹਾ ਹੈ ਜਿਸਨੂੰ ਮੋਨੀ ਮਿਨਹਾਸ ਸੁਰੱਖਿਅਤ ਰੱਖਣਾ ਚਾਹੁੰਦੇ ਸਨ ਜਦੋਂ ਉਨ੍ਹਾਂ ਨੇ ਅਸਲ ਸਿੰਘਾਸਣ (ਜੋ ਇਸ ਸਮੇਂ ਲੰਡਨ ਦੇ ਇੱਕ ਅਜਾਇਬ ਘਰ ਵਿੱਚ ਮੌਜੂਦ ਹੈ) ਦੀ ਇਹ ਪ੍ਰਤੀਕ੍ਰਿਤੀ ਤਿਆਰ ਕਰਵਾਈ।



CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Call Romi Sidhu For Insurance & Financial Needs
Desjardins Insurance
StateFarm IS NOW Desjardins Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS

DASHMESH CULTURE CENTRE
CALGARY
SIKH GURDWARA

ਦਸਮੇਸ਼ ਕਲਚਰ ਸੈਂਟਰ
ਸਿੱਖ ਗੁਰਦੁਆਰਾ
ਕੈਲਗਰੀ



ਮੀਡੀਆ ਥੋਨ 2026

ਨਵੇਂ ਗੁਰਦੁਆਰਾ ਸਾਹਿਬ ਕੌਰਨਰ ਸਟੋਨ ਵਿੱਚ

11.5 ਏਕੜ ਜ਼ਮੀਨ 'ਤੇ ਵਿਸ਼ਾਲ ਪ੍ਰੋਜੈਕਟ
ਗੁਰਦੁਆਰਾ ਸਾਹਿਬ, ਖਾਲਸਾ ਸਕੂਲ ਅਤੇ ਕਮਿਊਨਿਟੀ ਰਿਸੋਰਸ ਸੈਂਟਰ

ਜ਼ਮੀਨ ਦੀ ਕੀਮਤ
$14 ਮਿਲੀਅਨ
(14 Million)

ਅੰਦਾਜ਼ਨ ਲਾਗਤ
$60 ਮਿਲੀਅਨ
(60 Million)


ਫੰਡਰੇਜ਼ਿੰਗ ਮਿਤੀ: 22, 23 ਅਤੇ 24 ਨਵੰਬਰ | ਸਵੇਰੇ 8:00 ਵਜੇ ਤੋਂ ਰਾਤ 8:00 ਵਜੇ ਤੱਕ

ਦਾਨ ਲਈ: donate@dashmesh.ca

ਗੱਲ ਤਾਂ ਪਰਦੇ ਦੀ ਹੀ ਹੈ !

TWC
TIMELESS WINDOW COVERINGS

ਘਰ ਨਵਾਂ ਹੋਵੇ ਜਾਂ
ਪੁਰਾਣਾ ਉਹਦੀ ਦਿੱਖ
ਤਾਂ ਪਰਦਿਆਂ ਨਾਲ ਹੀ ਬਣਦੀ ਐ !



ਸਾਡੇ ਕੋਲ ਵਿੰਡੋ ਬਲਾਈਂਡ
ਦੀ ਬੇ-ਸ਼ੁਮਾਰ ਵਰਾਇਟੀ ਹੈ

ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ
ਆਕੇ ਹੀ ਤੁਹਾਨੂੰ ਡਿਜ਼ਾਈਨ
ਦਿਖਾਕੇ ਤੁਹਾਡੀ
ਪਸੰਦ ਦੇ ਬਲਾਈਂਡ
ਬਣਾਕੇ ਦੇਣਗੇ।

ਕਾਲ: 403 953 1000

E Mail: Contact@twcoverings.com
Web: www.twcoverings.com
Timelesswindowcoverings

ਬੰਦੀ ਛੋੜ ਦਿਵਸ, ਦੀਵਾਲੀ ਅਤੇ ਰਿਮੈਂਬਰੈਂਸ ਡੇਅ ਦਾ ਸਮਾਗਮ ਖੁੱਲੇ ਅਸਮਾਨ ਹੇਠ ਮਨਾਇਆ ਗਿਆ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥਈਸਟ ਸੀਨੀਅਰ ਸੋਸਾਇਟੀ ਵੱਲੋਂ ਪ੍ਰਧਾਨ ਸ: ਕੇਵਲ ਸਿੰਘ ਗਿੱਲ ਜੀ ਦੀ ਅਗਵਾਈ ਹੇਠ ਸੋਸਾਇਟੀ ਦੇ ਮੁੱਖ ਦਫ਼ਤਰ 80 ਐਵਨਿਊ ਵਾਲੇ ਪਾਰਕ ਵਿੱਚ ਖੁੱਲੇ ਅਸਮਾਨ ਦੀ ਛੱਤ ਹੇਠ ਬੰਦੀ ਛੋੜ ਦਿਵਸ, ਦੀਵਾਲੀ ਅਤੇ ਰਿਮੈਂਬਰੈਂਸ ਡੇਅ ਬਹੁਤ ਹੀ ਸ਼ਰਧਾ, ਪਿਆਰ ਅਤੇ ਉਤਸ਼ਾਹ ਨਾਲ ਮਨਾਏ ਗਏ।

ਸਾਰਿਆਂ ਨੇ ਮਿਲ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਬੰਦੀ ਛੋੜ ਦਿਵਸ ਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕੀਤੇ ਅਤੇ 52 ਰਾਜਿਆਂ ਦੀ ਰਿਹਾਈ ਦੀ ਯਾਦ ਨੂੰ ਸ਼ਰਧਾ ਨਾਲ ਯਾਦ ਕੀਤਾ।ਦੀਵਾਲੀ ਦੇ ਤਿਉਹਾਰ ਦੀਆਂ ਖੁਸ਼ੀਆਂ ਵੀ ਸਾਰਿਆਂ ਨਾਲ ਸਾਂਝੀਆਂ ਕੀਤੀਆਂ ਗਈਆਂ। ਇਸ ਦੇ ਨਾਲ ਹੀ ਰਿਮੈਂਬਰੈਂਸ ਡੇਅ ਮੌਕੇ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਬਹਾਦਰ ਸੈਨਿਕਾਂ ਅਤੇ ਸੇਵਾ ਕਰਨ ਵਾਲੇ ਲੋਕਾਂ ਨੂੰ ਸਤਿਕਾਰ ਨਾਲ ਯਾਦ ਕੀਤਾ ਗਿਆ। ਸਮਾਗਮ ਦੌਰਾਨ ਸਾਰਿਆਂ ਲਈ ਚਾਹ ਅਤੇ ਪਕੌੜਿਆਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਮੈਂਬਰਾਂ ਨੇ ਇਕੱਠੇ ਬੈਠ ਕੇ ਚਾਹ-ਪਕੌੜਿਆਂ ਦਾ ਆਨੰਦ ਮਾਣਿਆ ਅਤੇ ਆਪਸੀ ਪਿਆਰ, ਮਿਲਵਰਤਣ ਅਤੇ ਭਾਈਚਾਰੇ ਦੀ ਸਾਂਝ ਨੂੰ ਹੋਰ ਮਜ਼ਬੂਤ ਕੀਤਾ। ਆਖੀਰ ਵਿੱਚ ਸੋਸਾਇਟੀ ਵੱਲੋਂ ਪ੍ਰਧਾਨ ਸ: ਕੇਵਲ ਸਿੰਘ ਗਿੱਲ ਜੀ, ਸਮੂਹ ਕਮੇਟੀ ਮੈਂਬਰਾਂ ਅਤੇ ਸਮਾਗਮ ਵਿੱਚ ਸ਼ਾਮਿਲ ਹੋਏ ਸਾਰੇ ਸੱਜਣਾਂ ਦਾ ਦਿਲੋਂ ਧੰਨਵਾਦ ਕੀਤਾ ।

ਸੁਪਨਿਆਂ ਦੇ ਸਿਰਨਾਵੇਂ ਲੱਭਦਾ ਥੱਕ ਗਿਆ ਹਾਂ : ਤਾਰ ਬਰਾੜ

ਅਰਪਨ ਲਿਖਾਰੀ ਸਭਾ ਦੀ ਮੀਟਿੰਗ ਸਾਹਿਤਕ ਵੰਨਗੀਆਂ ਭਰਪੂਰ ਰਹੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਿਲਣੀ ਮੌਕੇ ਸਕੱਤਰ ਦਰਸ਼ਨ ਬਰਾੜ ਦੁਆਰਾ ਸਵਾਗਤੀ ਸ਼ਬਦ ਕਹਿਣ ਉਪ੍ਰੰਤ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਾਹਿਤਕਾਰ ਕੇ ਐਲ ਗਰਗ, ਹਰਭਜਨ ਸਿੰਘ ਹੁੰਦਲ ਅਤੇ ਇੰਗਲੈਂਡ ਤੋਂ ਗੁਰਨਾਮ ਸਿੰਘ ਢਿੱਲੋਂ ਨੂੰ ਸ਼ਰਧਾਂਜਲੀਆਂ ਅਰਪਣ ਕੀਤੀਆਂ ਗਈਆਂ। ਮੋਹਨ ਸਿੰਘ ਪਪਰਾਲਾ ਦੀ ਸੀਟੀਆਂ ਦੀਆਂ ਵੰਨਗੀਆਂ ਬਾਰੇ ਕਵਿਤਾ, ਮਾਸਟਰ ਹਰਭਜਨ ਸਿੰਘ ਦੀ ਕਵਿਤਾ - ਸਨਮਾਨ ਨਹੀਂ ਤਾਂ ਹੋਰ ਕੀ ਐ, ਗੁਰਰਾਜ ਸਿੰਘ ਵਿਰਕ ਦੀ - ਮਾਂ ਮੇਰੀ ਜ਼ਿੰਦਗੀ ਮੇਰੀ ਸ਼ਾਨ ਸੀ, ਜਰਨੈਲ ਤੱਗੜ ਦੀ - ਟੀਕੇ ਲਾ ਲਾ ਮਰਦੇ ਨੇ, ਪਰਮਜੀਤ ਭੰਗੂ ਦੀ - ਕੋਈ ਕੰਡਿਆਂ ਨਾਲ ਨਿਭਾ ਜਾਂਦਾ ਅਤੇ ਜਸਵੀਰ ਸਿਹੋੜਾ ਦੀ ਪਰਵਾਸ ਬਾਰੇ ਕਵਿਤਾ ਦੀ ਪੇਸ਼ਕਾਰੀ ਨੇ ਚੰਗਾ ਸਾਹਿਤਕ ਮਾਹੌਲ ਸਿਰਜਿਆ ਜਿਸ ਨੂੰ ਤਾਰ ਬਰਾੜ ਦੀਆਂ ਕਵਿਤਾਵਾਂ -ਚੱਲ ਆਪਾਂ ਕਿਤੇ ਬਹਿ ਰਾਤ ਚਾਨਣੀ ਪਿੰਡੇ 'ਤੇ ਮਲੀਏ ਅਤੇ ਸੁਪਨਿਆਂ ਦੇ ਸਿਰਨਾਵੇਂ ਲੱਭਦਾ ਥੱਕ ਗਿਆ ਹਾਂ/ਯਾਦਾਂ ਦੇ ਪਰਛਾਵੇਂ ਫੜਦਾ ਥੱਕ ਗਿਆ ਹਾਂ ਨੇ ਸਿਖਰ 'ਤੇ ਪਹੁੰਚਾਇਆ। ਗੁਰਚਨ ਸਿੰਘ ਹੇਹਰ, ਸੁਖਮਿੰਦਰ ਗਿੱਲ, ਦਰਸ਼ਨ ਬਰਾੜ, ਜ਼ੀਰ ਸਿੰਘ ਬਰਾੜ, ਜਸਵੰਤ ਸਿੰਘ ਕਪੂਰ, ਸੁਰਿੰਦਰ ਢਿੱਲੋਂ, ਜਸਵੰਤ ਰਾਏ ਸ਼ਰਮਾ, ਕਵੀਸ਼ਰਾਂ ਦੀ ਜੋੜੀ ਸਰੂਪ ਸਿੰਘ ਮੰਡੇਰ ਅਤੇ ਜਸਵੰਤ ਸਿੰਘ ਸੇਖੋਂ ਹੋਰਾਂ ਨੇ ਆਪੋ ਆਪਣੀਆਂ ਨਾਲ ਮੰਚ ਉਪਰੋਂ ਹਾਜਿਰੀ ਲਗਵਾਈ। ਵੇ ਮੈਂ ਬੋਲਦੀ ਆਂ ਮਿੱਟੀ ਵੇ ਪੰਜਾਬ ਦੀ - ਸਤਨਾਮ ਢਾਅ ਨੇ ਕਲੀ ਦੀ ਪੇਸ਼ਕਾਰੀ ਰਾਹੀਂ ਰਿਵਾਇਤੀ ਅਖਾੜੇ ਦੀ ਕਸਰ ਪੂਰੀ ਕਰ ਦਿੱਤੀ । ਸਤਨਾਮ ਸ਼ੇਰਗਿੱਲ ਨੇ ਕੈਲਗਰੀ ਵਿਚ ਪਾਣੀ ਸਪਲਾਈ ਸਿਸਟਮ ਪ੍ਰਤੀ ਸੰਬੰਧਤ ਉੱਚ ਅਧਿਕਾਰੀਆਂ ਦੀ ਅਣਗਹਿਲੀ ਬਾਰੇ ਜਾਣਕਾਰੀ ਸਾਂਝੀ ਕੀਤੀ।







ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੇ ਯੰਗ ਵੋਮੈਨ ਗਰੁੱਪ ਨੇ ਕੀਤੀ ਵਿਚਾਰ ਚਰਚਾ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਮਿਲਣੀ ਵਿੱਚ 14 ਨਵੰਬਰ?ਨੂੰ ਜਨੇਸਸ ਸੈਂਟਰ ਵਿਖੇ ਭੈਣਾਂ ਨੇ ਭਰਵੀਂ ਹਾਜ਼ਰੀ ਨਾਲ ਸ਼ਿਰਕਤ ਕੀਤੀ।?ਮੀਟਿੰਗ ਦੇ ਆਰੰਭ ਵਿੱਚ ਸਭਾ ਦੇ ਪ੍ਰਧਾਨ ਡਾ। ਬਲਵਿੰਦਰ ਕੌਰ ਬਰਾੜ ਜੀ ਨੇ ਭੈਣਾਂ ਨੂੰ ਜੀ ਆਇਆ ਆਖਿਆ ਅਤੇ ਦਿਵਾਲੀ ਦੀ ਵਧਾਈ ਦਿੰਦਿਆਂ ਆਪਸ ਵਿੱਚ ਮਿਲ ਜੁਲ ਕੇ ਰਹਿਣ ਦਾ ਸੰਦੇਸ਼ ਦਿੱਤਾ।?ਵਾਈਸ ਪ੍ਰਧਾਨ ਗੁਰਦੀਸ਼ ਕੌਰ ਗਰੇਵਾਲ ਜੀ ਨੇ ਬਾਬੇ ਨਾਨਕ ਦੇ ਜਨਮ ਦਿਹਾੜੇ?ਅਤੇ ਮਿੱਤਰਤਾ ਬਾਰੇ ਕਵਿਤਾਵਾਂ ਸੁਣਾਈਆਂ । ਕੋਆਰਡੀਨੇਟਰ ਗੁਰਚਰਨ ਕੌਰ ਬਿੰਦ ਜੀ ਨੇ ਹਾਲ ਹੀ ਵਿੱਚ ਕਰਵਾਏ ਸਲਾਨਾ ਸਮਾਗਮ ਦੀ ਕਾਮਯਾਬੀ ਬਾਰੇ ਹੋ ਰਹੀ ਚਰਚਾ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਇਲਾਵਾ ਜੇਨੇਸਿਸ ਫਾਰਮੇਸੀ?ਵੱਲੋਂ ਦਿੱਤੀ ਜਾਣਕਾਰੀ ਜਿਸ ਵਿੱਚ ਐਲਬਰਟਾ ਸਰਕਾਰ ਵੱਲੋਂ ਬਜ਼ੁਰਗਾਂ ਨੂੰ? ਮੁਫ਼ਤ?ਵੈਕਸੀਨਾ ਲਗਾਉਣ ਬਾਰੇ ਵੀ ਜਾਣੂ?ਕਰਵਾਇਆ।? ਸਭਾ ਵਿੱਚ ਨਵੀਆਂ ਆਈਆਂ ਭੈਣਾਂ?ਨੂੰ ਖੁਸ਼ਾਮਦੀਦ ਕਿਹਾ ਗਿਆ।?ਇੱਕ ਹੋਰ ਵਿਲੱਖਣ ਉਪਰਾਲੇ ਤਹਿਤ ਡਾ: ਕੰਵਲਜੀਤ ਕੌਰ ਜੋ ਕਿ ਮਨੋਵਿਗਿਆਨੀ ਵੀ ਹਨ,?ਨੇ ਵੀ ਆਪਣੇ ਤਜ਼ਰਬੇ ਸਾਂਝੇ ਕੀਤੇ। ਯੰਗ ਵੋਮੈਨ ਗਰੁੱਪ ਦੀ ਕੋਆਰਡੀਨੇਟਰ ਮਨਿੰਦਰ ਚਾਨੇ ਅਤੇ ਸਾਥੀ,?ਜਿਨਾਂ ਦੇ ਬੱਚੇ ਅਜੇ ਛੋਟੇ ਜਾਂ ਜਵਾਨ ਹਨ ,? ਉਹਨਾਂ ਦੇ ਮਨ ਦੇ ਕੁੱਝ ਐਸੇ ਪ੍ਰਸ਼ਨ - ਜਿਵੇਂ ਘਰੇਲੂ ਹਿੰਸਾ , ਪੁੱਤਰ ਪੈਦਾ ਕਰਨ ਲਈ ਨੂੰਹਾਂ ਤੇ ਦਬਾਅ ਬਣਾਉਣਾ ਜਾਂ ਬੱਚੇ ਜਦੋਂ ਪੜ੍ਹਨ ਯੂਨੀਵਰਸਿਟੀਆਂ ਵਿੱਚ ਚਲੇ ਜਾਂਦੇ ਹਨ ਤਾਂ ਮਾਵਾਂ ਆਪਣੇ ਮਨ ਨੂੰ ਕਿਵੇਂ ਸਮਝਾਉਣ। ?ਇਹਨਾਂ ਸਮੱਸਿਆਵਾਂ ਨੂੰ ਬਜ਼ੁਰਗ ਭੈਣਾਂ ਨੇ ਆਪਣੇ ਤਜਰਬੇ ਰਾਹੀਂ ਆਸਾਨੀ ਨਾਲ ਹੱਲ ਕਰਕੇ ਦੱਸਿਆ।?ਬਲਬੀਰ ਕੌਰ ਗਰੇਵਾਲ,?ਪੁਸ਼ਪਿੰਦਰ ਬਾਠ,? ਕੁਲਦੀਪ ਕੌਰ ਅਤੇ ਸਰਬਜੀਤ ਉੱਪਲ ਨੇ ਗੀਤਾਂ ਰਾਹੀਂ ਖੂਬ ਰੌਣਕ ਲਗਾਈ।?ਮਨਿੰਦਰ ਚਾਨੇ ਅਤੇ ਚਰਨਦੀਪ ਕੌਰ ਨੇ?ਕਵਿਤਾ ਦੀ ਹਾਜ਼ਰੀ ਲਵਾਈ।?ਚਾਹ ਪਾਣੀ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ। ਅੰਤ ਵਿੱਚ ਸਾਰੀਆਂ ਮੈਂਬਰਾਂ ਨੇ ਗਿੱਧਾ ਪਾ ਕੇ ਮਨ ਖੁਸ਼ ਕੀਤਾ ਅਤੇ ਘਰਾਂ ਲਈ ਚਾਲੇ ਪਾਏ।

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

• Personal Tax Returns
• Corporate Tax Returns
• Bookkeeping
• GST/HST Filing
• Payroll
• WCB Returns
• Tax Planning
• New Business Consultation & Registration
SIDHU ACCOUNTING
PH: (403) 568 – 2667
Email: info@sidhuaccounting.com
Address: 202, 4656 Westwinds Drive NE
Calgary, Alberta T3J 3Z5

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

ਬ੍ਰਾਜ਼ੀਲ ਵਿੱਚ ਲੂਲਾ ਡਾ: ਸਿਲਵਾ ਦੀ ਜਿੱਤ, ਲੋਕਤੰਤਰ ਦੀ ਜਿੱਤ



ਬ੍ਰਾਜ਼ੀਲ ਵਿੱਚ ਕੁੱਝ ਦਿਨ ਪਹਿਲਾਂ ਹੀ ਚੋਣਾਂ ਹੋਈਆਂ ਹਨ। ਇਨ੍ਹਾਂ ਚੋਣਾਂ ਵਿੱਚ ਵਰਕਰ ਪਾਰਟੀ, ਜੋ ਕਿ ਉੱਥੋਂ ਦੀ ਖੱਬੇ ਪੱਖੀ ਪਾਰਟੀ ਹੈ, ਦੇ 80 ਸਾਲਾ ਲੀਡਰ ਲੂਲਾ ਡਾ ਸਿਲਵਾ ਨੇ ਵਿਰੋਧੀ ਲਿਬਰਲ ਪਾਰਟੀ ਦੇ ਰਾਸ਼ਟਰਪਤੀ ਉਮੀਦਵਾਰ ਫਲਾਬੀਓ ਬੋਲਸੋਨਾਰੋ, ਜੋ ਕਿ ਜਾਇਰ ਬੋਲਸੋਨਾਰੋ ਦਾ ਪੁੱਤਰ ਹੈ, ਨੂੰ ਹਰਾਇਆ। ਜਾਇਰ ਬੋਲਸੋਨਾਰੋ ਬ੍ਰਾਜ਼ੀਲ ਦੇ ਸਾਬਕਾ ਰਾਸ਼ਟਰਪਤੀ ਹਨ ਅਤੇ ਅੱਜ-ਕੱਲ੍ਹ 27 ਸਾਲ ਦੀ ਸਜ਼ਾ ਕੱਟ ਰਹੇ ਹਨ। ਉਨ੍ਹਾਂ ਨੇ ਵੀ ਟਰੰਪ ਵਾਂਗ ਚੋਣਾਂ ਹਾਰਨ ਤੋਂ ਬਾਅਦ ਸੱਤਾ ਛੱਡਣ ਤੋਂ ਇਨਕਾਰ ਕਰ ਦਿੱਤਾ ਸੀ।ਬ੍ਰਾਜ਼ੀਲ ਵਿੱਚ ਰਾਸ਼ਟਰਪਤੀ ਚੋਣ ਦੋ ਗੇੜਾਂ ਵਿੱਚ ਹੁੰਦੀ ਹੈ। ਪਹਿਲੇ ਗੇੜ ਵਿੱਚ ਫਲਾਬੀਓ 22 ਲੱਖ ਵੋਟਾਂ ਨਾਲ ਜਿੱਤਿਆ ਸੀ, ਪਰ ਦੂਜੇ ਗੇੜ ਵਿੱਚ



ਸਵਰਨ ਧਾਲੀਵਾਲ
ਨਿਹਾਲ ਸਿੰਘ ਵਾਲਾ (ਮੋਗਾ), ਕੈਲਗਰੀ, ਕੈਨੇਡਾ

ਲੂਲਾ 44 ਲੱਖ ਵੋਟਾਂ ਨਾਲ ਜਿੱਤ ਗਏ। 4 ਅਕਤੂਬਰ ਦੀ ਪਹਿਲੀ ਹਾਰ ਤੋਂ ਬਾਅਦ ਲੂਲਾ ਨੇ ਸਾਰਾ ਧਿਆਨ ਸੋਸ਼ਲ ਮੀਡੀਆ ਵੱਲ ਲਾਇਆ। ਬ੍ਰਾਜ਼ੀਲ ਵਿੱਚ ਮੀਡੀਆ ਸੱਜੇ ਪੱਖੀਆਂ ਦੇ ਕਬਜ਼ੇ ਵਿੱਚ ਹੈ। ਇਸ ਲਈ ਵਟਸਐਪ ਉੱਪਰ 'ਲੂਲਾ ਆਰਮੀ' ਚੈਨਲ ਬਣਾਇਆ ਗਿਆ। ਲੂਲਾ ਨੇ ਕਦੇ ਮੋਬਾਈਲ ਨਹੀਂ ਸੀ ਵਰਤਿਆ, ਪਹਿਲੀ ਵਾਰ ਵਟਸਐਪ ਲਈ ਆਈਫੋਨ ਖਰੀਦਿਆ। ਖੱਬੇ ਪੱਖੀ ਨੇਤਾ ਆਂਦਰੇ ਜਾਨੋਨਸ ਨੇ ਸੋਸ਼ਲ ਮੀਡੀਆ ਦੀ ਕਮਾਨ ਸੰਭਾਲੀ ਤੇ ਪਾਸਾ ਪਲਟ ਦਿੱਤਾ। ਲੂਲਾ ਚੌਥੀ ਵਾਰ ਵੱਡੇ ਬਹੁਮਤ ਨਾਲ ਜਿੱਤੇ।

ਵਾਤਾਵਰਣ ਦੀ ਰੱਖਿਆ:

ਬ੍ਰਾਜ਼ੀਲ ਵਿੱਚ 55 ਲੱਖ ਵਰਗ ਕਿਲੋਮੀਟਰ ਵਿੱਚ ਫੈਲਿਆ ਐਮਾਜ਼ੋਨ ਜੰਗਲ ਹੈ, ਜੋ ਦੁਨੀਆ ਨੂੰ ਆਕਸੀਜਨ ਦਿੰਦਾ ਹੈ। ਜਾਇਰ ਬੋਲਸੋਨਾਰੋ ਵੇਲੇ ਜੰਗਲ ਕੱਟ ਕੇ ਵੇਚਣ ਦੇ ਕਾਨੂੰਨ ਬਣਾਏ ਗਏ। ਲੂਲਾ ਨੇ ਐਲਾਨ ਕੀਤਾ ਹੈ ਕਿ 2030 ਤੱਕ ਨਾਜਾਇਜ਼ ਕਟਾਈ ਬੰਦ ਕਰ ਦਿੱਤੀ ਜਾਵੇਗੀ। ਲੂਲਾ ਸਾਬਕਾ ਟਰੇਡ ਯੂਨੀਅਨ ਲੀਡਰ ਹਨ, ਜਿਨ੍ਹਾਂ ਨੇ ਮਜ਼ਦੂਰਾਂ-ਕਿਸਾਨਾਂ ਲਈ ਬਹੁਤ ਸੰਘਰਸ਼ ਕੀਤਾ ਹੈ। ਬ੍ਰਾਜ਼ੀਲ ਬ੍ਰਿਕਸ ਦੇ ਬਾਨੀਆਂ ਵਿੱਚੋਂ ਇੱਕ ਹੈ, ਲੂਲਾ ਦੀ ਜਿੱਤ ਨਾਲ ਬ੍ਰਿਕਸ ਨੂੰ ਮਜ਼ਬੂਤੀ ਮਿਲੇਗੀ।

ਕੈਲਗਰੀ ਦੇ ਗੁਰੂਘਰ ਦੀ ਪਾਰਕਿੰਗ ਲਾਟ ਵਿੱਚ ਗੰਨ ਦਿਖਾਉਣ ਵਾਲਾ ਕੇਸ

ਫੜੇ ਗਏ ਸ਼ੱਕੀ ਦੋਸ਼ੀ ਗੁਰਸੇਵਕ ਸਿੰਘ ਉੱਪਰ ਧਮਕੀਆਂ ਦੇਣ ਅਤੇ ਹਥਿਆਰਾਂ ਨਾਲ ਸਬੰਧਤ ਦੋਸ਼ਾਂ ਦਾ ਮੁੱਕਦਮਾ ਸ਼ੁਰੂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਤੰਬਰ 2024 ਵਿੱਚ ਕੈਲਗਰੀ ਦੇ 'ਦਸ਼ਮੇਸ਼ ਕਲਚਰ ਸੈਂਟਰ' ਦੀ ਪਾਰਕਿੰਗ ਵਿੱਚ ਵਾਪਰੀ ਘਟਨਾ ਵਿੱਚ ਕਥਿੱਤ ਭੂਮਿਕਾ ਲਈ ਗੁਰਸੇਵਕ ਸਿੰਘ 'ਤੇ ਮੁਕੱਦਮਾ ਬੀਤੇ ਸੋਮਵਾਰ 16 ਨਵੰਬਰ 2026 ਨੂੰ ਸ਼ੁਰੂ ਹੋਇਆ। ਜਦੋਂ ਕਿ ਫਿਰੌਤੀ ਨਾਲ ਸਬੰਧਤ ਅਪਰਾਧਾਂ ਲਈ ਉਸਦਾ ਮੁਕੱਦਮਾ ਅਗਲੇ ਹਫ਼ਤੇ ਸ਼ੁਰੂ ਹੋਣ ਵਾਲਾ ਹੈ। ਵਰਨਣਯੋਗ ਹੈ ਕਿ ਸਾਲ 2024 ਦੌਰਾਨ ਕੈਲਗਰੀ ਵਿੱਚ ਗੋਲੀਬਾਰੀ ਦੀਆਂ ਘਟਨਾਵਾਂ ਅਤੇ ਫਿਰ ਗੁਰੁਦਵਾਰਾ ਦਸਮੇਸ ਕਲਚਰਲ ਸੈਂਟਰ ਦੀ ਪਾਰਕਿੰਗ ਲਾਟ ਵਿੱਚ ਆਪਸੀ ਬਹਿਸਬਾਜੀ ਦੌਰਾਨ ਮੌਕੇ ਉੱਪਰ ਪੁੱਜੀ ਪੁਲਿਸ ਨੇ ਦੋ ਵਿਆਕਤੀਆਂ ਹਥਿਆਰਾਂ ਸਮੇਤ ਗ੍ਰਿਫਿਤਾਰ ਕਰ ਲਿਆ ਸੀ,ਜਿਹਨਾਂ ਵਿੱਚੋਂ ਇੱਕ ਗੁਰਸੇਵਕ ਸਿੰਘ 'ਤੇ ਹਥਿਆਰਾਂ ਨਾਲ ਜੁੜੇ ਕਈ ਅਪਰਾਧਾਂ ਦੇ ਦੋਸ਼ ਲਗਾਏ ਗਏ ਹਨ।

ਦੋਸ਼ ਹੈ ਕਿ ਉਹ 'ਦਸ਼ਮੇਸ਼ ਕਲਚਰ ਸੈਂਟਰ' ਦੀ ਪਾਰਕਿੰਗ ਵਿੱਚ ਪਹੁੰਚਿਆ ਅਤੇ ਉਸ ਵਿਅਕਤੀ ਨੂੰ ਧਮਕੀਆਂ ਦਿੱਤੀਆਂ, ਜਿਸ ਤੋਂ ਪਹਿਲਾਂ ਵੀ ਉਸ 'ਤੇ ਫਿਰੌਤੀ ਮੰਗਣ ਦਾ ਦੋਸ਼ ਲੱਗ ਚੁੱਕਾ ਹੈ। ਸਿੰਘ 'ਤੇ ਇਹ ਵੀ ਦੋਸ਼ ਹੈ ਕਿ ਉਸਨੇ ਪੀੜਤ ਦੇ ਵਾਹਨਾਂ ਅਤੇ ਘਰ 'ਤੇ ਗੋਲੀਆਂ ਚਲਾਈਆਂ ਸਨ। ਫਿਰੌਤੀ ਦੇ ਮਕਸਦ ਨਾਲ ਕੀਤੇ ਗਏ ਹਮਲੇ ਦੌਰਾਨ ਰਮਨਜੀਤ ਚਾਹਲ ਦੇ ਘਰ 'ਤੇ ਗੋਲੀਆਂ ਚਲਾਉਣ ਦੇ ਦੋਸ਼ ਲੱਗਣ ਤੋਂ ਪੰਜ ਦਿਨ ਬਾਅਦ, ਗੁਰਸੇਵਕ



ਸਿੰਘ ਨੇ ਕਥਿਤ ਤੌਰ 'ਤੇ ਉਸੇ ਪੀੜਤ 'ਤੇ ਬੰਦੂਕ ਤਾਣ ਦਿੱਤੀ ਅਤੇ ਉਸਨੂੰ ਤੇ ਉਸਦੇ ਪਰਿਵਾਰ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ। 34 ਸਾਲਾ ਗੁਰਸੇਵਕ ਸਿੰਘ ਅਤੇ 24 ਸਾਲਾ ਸੁਖਪ੍ਰੀਤ ਸਿੰਘ (ਜਿਨ੍ਹਾਂ ਦਾ ਆਪਸ ਵਿੱਚ ਕੋਈ ਰਿਸ਼ਤਾ ਨਹੀਂ ਹੈ) 'ਤੇ 24 ਸਤੰਬਰ, 2024 ਨੂੰ ਸੈਂਟਰ ਅਤੇ ਸਿੱਖ ਗੁਰਦੁਆਰੇ ਦੀ ਪਾਰਕਿੰਗ ਵਿੱਚ ਹੋਈ ਇੱਕ ਝੜਪ ਦੌਰਾਨ ਹਥਿਆਰ ਰੱਖਣ ਅਤੇ ਧਮਕੀਆਂ ਦੇਣ ਦੇ ਦੋਸ਼ ਲੱਗੇ ਹਨ। ਉਨ੍ਹਾਂ ਵੱਲੋਂ ਬਚਾਅ ਪੱਖ ਦੇ ਵਕੀਲ ਰੋਹਿਤ ਗੁਪਤਾ ਅਤੇ ਕਿਮ ਰੌਸ ਪੇਸ਼ ਹੋ ਰਹੇ ਹਨ। ਅਦਾਲਤੀ ਰਿਕਾਰਡ ਅਨੁਸਾਰ, ਇਹ ਵਿਅਕਤੀ ਫਿਰੌਤੀ ਲਈ ਗੋਲੀਬਾਰੀ ਕਰਨ ਦੇ ਨਾਲ-ਨਾਲ 'ਪੋਸਤ ਡੋਡੇ' ਅਤੇ ਹਥਿਆਰਾਂ ਦੀ ਤਸਕਰੀ ਕਰਨ ਦਾ ਵੀ ਦੋਸ਼ੀ ਹੈ। ਸ਼ੁਰੂਆਤੀ ਬਿਆਨ ਵਿੱਚ, ਸਰਕਾਰੀ ਵਕੀਲ ਮੈਟ ਡਾਲੀਡੋਵਿਚ ਨੇ ਜਸਟਿਸ ਜੂਡਿਥ ਸ਼ੀਅਰ ਨੂੰ ਦੱਸਿਆ ਕਿ ਘਟਨਾ ਵਾਲੀ ਰਾਤ ਨੂੰ ਲਗਭਗ 7:30 ਵਜੇ, ਗੁਰਸੇਵਕ ਅਤੇ ਚਾਹਲ , ਜੋ ਦੋਵੇਂ ਆਪਣੇ-ਆਪਣੇ ਦੋਸਤਾਂ ਦੇ ਸਮੂਹ ਨਾਲ ਉੱਥੇ ਮੌਜੂਦ ਸਨ, ਵਿਚਕਾਰ ਗੁਰਦੁਆਰੇ ਦੇ ਬਾਹਰ ਉੱਚੀ ਆਵਾਜ਼ ਵਿੱਚ ਬਹਿਸ ਹੋਈ। ਮੌਕੇ ਦੀ ਵੀਡੀਓ ਅਨੁਸਾਰ 'ਤੂੰ ਮੈਨੂੰ ਧਮਕੀ ਦਿੰਦਾ ਹੈਂ?' ਵਰਗੀਆਂ ਆਵਾਜਾਂ ਸੁਣਨ ਨੂੰ ਮਿਲੀਆਂ। ਸਰਕਾਰੀ ਪੱਖ ਦੇ ਪਹਿਲੇ ਗਵਾਹ, ਚਾਹਲ ਨੇ ਗਵਾਹੀ ਦਿੱਤੀ ਕਿ ਚਾਹਲ ਅਨੁਸਾਰ, ਗੁਰਸੇਵਕ ਨੇ ਆਪਣੀ ਡੱਬ ਵਿੱਚੋਂ ਰਿਵਾਲਵਰ ਕੱਢਿਆ। ਘਟਨਾ ਦੀਆਂ ਵੀਡੀ-ਜ਼ ਵਿੱਚ ਇੱਕ ਵਿਅਕਤੀ, ਜਿਸ ਦੀ ਪਛਾਣ ਚਾਹਲ ਨੇ ਗੁਰਸੇਵਕ ਵੱਜੋਂ ਕੀਤੀ ਹੈ, ਬਹਿਸ ਦੌਰਾਨ ਇੱਕ ਵੱਡਾ ਚਾਂਦੀ ਰੰਗ ਦਾ ਰਿਵਾਲਵਰ ਫੜੀ ਹੋਇਆ ਦਿਖਾਈ ਵੀ ਦਿੰਦਾ ਹੈ। ਚਾਹਲ ਨੇ ਗਵਾਹੀ ਦਿੱਤੀ ਕਿ ਜਦੋਂ ਉਸਨੇ ਗੁਰਸੇਵਕ ਦਾ ਸਾਹਮਣਾ ਕੀਤਾ, ਤਾਂ ਗੁਰਸੇਵਕ ਨੇ ਮੰਨ ਲਿਆ ਕਿ ਉਹੀ ਸੀ ਜਿਸਨੇ ਉਸਨੂੰ ਧਮਕੀਆਂ ਦਿੱਤੀਆਂ ਸਨ ਅਤੇ ਪੈਸੇ ਵਸੂਲਣ ਦੀ ਕੋਸ਼ਿਸ਼ ਕੀਤੀ ਸੀ। ਚਾਹਲ ਨੇ ਦੱਸਿਆ ਕਿ ਗੁਰਸੇਵਕ ਨੇ ਉਸਨੂੰ ਕਿਹਾ, "ਹਾਂ, ਉਹ ਫੋਨ ਕਾਲ ਮੈਂ ਹੀ ਕੀਤੀ ਸੀ।"ਕਈ ਗਵਾਹਾਂ ਨੇ 911 'ਤੇ ਫੋਨ ਕੀਤਾ, ਅਤੇ ਕੁੱਝ ਹੀ ਮਿੰਟਾਂ ਵਿੱਚ ਪੁਲਿਸ ਮੌਕੇ 'ਤੇ ਪਹੁੰਚ ਗਈ ਸੀ।ਫੜੇ ਗਏ ਸ਼ੱਕੀ ਦੋਸ਼ੀ ਗੁਰਸੇਵਕ ਸਿੰਘ ਉੱਪਰ ਧਮਕੀਆਂ ਦੇਣ ਅਤੇ ਹਥਿਆਰਾਂ ਨਾਲ ਸਬੰਧਤ ਦੋਸ਼ਾਂ ਦਾ ਮੁਕੱਦਮਾ ਸ਼ੁਰੂ ਚਾਹਲ ਨੇ ਗਵਾਹੀ ਦਿੱਤੀ ਕਿ ਜਦੋਂ ਇਨ੍ਹਾਂ ਦੋਵਾਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਸੀ, ਤਾਂ ਵੀ ਗੁਰਸੇਵਕ ਉਸਨੂੰ ਧਮਕੀਆਂ ਦਿੰਦਾ ਰਿਹਾ।

ਸਫਾ 3 ਦੀ ਬਾਕੀ

ਐਨ ਡੀ ਪੀ ਸੈਸਕੈਚਵਾਨ ਦੀ ਕਨਵੈਕੋਸਨ ਮੌਕੇ ਪਾਰਟੀ ਮੁਖੀ ਕਾਰਲਾ ਬੇਕ ਨੇ ਭਵਿੱਖੀ ਰਣਨੀਤੀ ਅਤੇ ਯੋਜਨਾਵਾਂ ਦਾ ਐਲਾਨ ਕੀਤਾ

ਪਰ ਅਸਲ ਟੀਚਾ ਜੋ ਮੈਨੂੰ ਪ੍ਰੇਰਿਤ ਕਰਦਾ ਹੈ, ਜੋ ਸਾਡੀ ਇਸ ਟੀਮ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਦਾ ਹੈ—ਸਾਡੇ ਵਿਰੋਧੀ ਚੋਣ ਲੜਨੀ ਅਤੇ ਜਿੱਤਣੀ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਉਹ ਸੱਤਾ ਵਿੱਚ ਬਣੇ ਰਹਿਣ ਲਈ ਪੂਰੀ ਤਾਕਤ ਲਗਾ ਦੇਣਗੇ । ਉਨ੍ਹਾਂ ਕੋਲ ਭਰਪੂਰ ਫੰਡ ਅਤੇ ਵੱਡੀ ਗਿਣਤੀ ਵਿੱਚ ਸਟਾਫ ਹੋਵੇਗਾ, ਹੋ ਸਕਦਾ ਹੈ ਕਿ ਉਨ੍ਹਾਂ ਨੂੰ ਪੂਰਾ ਯਕੀਨ ਹੋਵੇ ਕਿ ਉਹ ਹਾਰ ਹੀ ਨਹੀਂ ਸਕਦੇ। ਪਰ ਅਸੀਂ ਕਹਿੰਦੇ ਹਾਂ—ਆਉਣ ਦਿ-, ਜੋ ਕਰਨਾ ਹੈ ਕਰ ਲੈਣ! ਸਸਕੈਚਵਨ ਨਿਊ ਡੈਮੋਕ੍ਰੇਟਸ ਪੂਰੀ ਤਰ੍ਹਾਂ ਤਿਆਰ ਹਨ। ਆਉਣ ਵਾਲੇ ਦੋ ਸਾਲਾਂ ਦੇ ਹਰ ਸਕਿੰਟ ਨੂੰ ਸਾਰਥਕ ਬਣਾਵਾਂਗੇ। ਅੱਜ ਤੁਹਾਡੇ ਸਾਰਿਆਂ ਨਾਲ ਵਾਅਦਾ ਕਰਦਾ ਹੈ ਕਿ ਅਗਲੀ ਬਸੰਤ ਤੱਕ ਸਾਡੇ ਅੱਧੇ ਉਮੀਦਵਾਰ ਨਾਮਜ਼ਦ ਹੋ ਚੁੱਕੇ ਹੋਣਗੇ ਅਤੇ 2027 ਦੇ ਕ੍ਰਿਸਮਸ ਤੱਕ—ਸਾਡੇ ਕੋਲ ਸਾਰੇ 61 ਚੋਣ ਹਲਕਿਆਂ ਵਿੱਚ ਪੂਰੀ ਸੂਚੀ (ਉਮੀਦਵਾਰ) ਤਿਆਰ ਹੋਵੇਗੀ। ਇਸ ਸਬੰਧੀ ਐਮ ਐਲ ਏ ਭਜਨ ਬਰਾੜ ਦਾ ਕਹਿਣਾ ਹੈ ਕਿ ਸਾਡੀ ਪਾਰਟੀ ਲੀਡਰ ਨੇ ਜੋ ਕਿਹਾ ਹੈ ਅਸੀਂ ਭਵਿੱ ਖਵਿੱਚ ਉਹਨਾਂ ਦੇ ਸੁਪਨੇ ਨੂੰ ਪੂਰਾ ਕਰਕੇ ਹੀ ਸਾਹ ਲਵਾਂਗੇ।

ਅਸੀਂ ਆਪਣੇ ਸੂਬੇ ਦੇ ਕੁਝ ਸਭ ਤੋਂ ਅਹਿਮ ਮੁੱਦਿਆਂ ਨੂੰ ਹੱਲ ਕਰਨ ਲਈ ਆਪਣੀਆਂ ਯੋਜਨਾਵਾਂ ਵੀ ਪੇਸ਼ ਕਰ ਰਹੇ ਹਾਂ—ਜਿਵੇਂ ਕਿ ਸਸਕੈਚਵਨ ਦੀਆਂ ਊਰਜਾ ਲੋੜਾਂ ਨੂੰ ਹੁਣ ਅਤੇ ਭਵਿੱਖ ਵਿੱਚ ਪੂਰਾ ਕਰਨ ਦੀ ਸਾਡੀ ਯੋਜਨਾ ਅਤੇ ਅਸੀਂ ਅਜਿਹੇ ਤਰੀਕੇ ਨਾਲ ਕੰਮ ਕਰਾਂਗੇ ਜੋ ਮੌਕਿਆਂ ਦਾ ਲਾਭ ਉਠਾਏ, ਵਿਕਾਸ ਨੂੰ ਵਧਾਵੇ—ਅਤੇ 'ਸੈਸਕ-ਪਾਵਰ' ਨੂੰ ਹੋਰ ਕਰਜ਼ੇ ਵਿੱਚ ਨਾ ਡੁਬੋਵੇ। ਸਾਡੀ ਯੋਜਨਾ ਵਿੱਚ ਇਹ ਸ਼ਾਮਿਲ ਨਹੀਂ ਹੈ ਕਿ ਅਸੀਂ ਹਮੇਸ਼ਾ ਲਈ ਕੋਲਾ ਸਾੜਦੇ ਰਹੀਏ। ਜਾਂ ਫਿਰ ਪਰਿਵਾਰਾਂ, ਖੇਤਾਂ ਅਤੇ ਛੋਟੇ ਕਾਰੋਬਾਰਾਂ ਲਈ ਬਿਜਲੀ ਦੇ ਬਿੱਲਾਂ ਨੂੰ ਦੁੱਗਣਾ ਕਰ ਦੇਈਏ ਜਿਵੇਂ ਕਿ ਇੱਕ ਹੋਰ ਯੋਜਨਾ ਹੈ ਜਿਸ ਬਾਰੇ ਮੈਂ ਜਾਣਦਾ ਹਾਂ।

ਸਿਹਤ ਸੰਭਾਲ ਦੇ ਖੇਤਰ ਵਿੱਚ—

ਸਸਕੈਚਵਨ ਦੇ ਇਤਿਹਾਸ ਵਿੱਚ ਸਭ ਤੋਂ ਵੱਡੀ ਸਿਹਤ ਸੰਭਾਲ ਸਲਾਹ-ਮਸ਼ਵਰਾ ਪ੍ਰਕਿਰਿਆ ਤੋਂ ਬਾਅਦ ਅਸੀਂ ਆਪਣੀ ਵੱਡੀ ਅਤੇ ਦਲੇਰ ਸਿਹਤ ਸੰਭਾਲ ਯੋਜਨਾ ਦੇ ਪਹਿਲੇ ਹਿੱਸੇ ਪੇਸ਼ ਕੀਤੇ ਹਨ ਅਤੇ ਹੋਰ ਵੀ ਬਹੁਤ ਕੁਝ ਆਉਣਾ ਬਾਕੀ ਹੈ। ਇਸ ਸਮੇਂ ਸਸਕੈਚਵਨ ਵਿੱਚ ਹਰ 6 ਵਿੱਚੋਂ 1 ਵਿਅਕਤੀ ਕੋਲ ਆਪਣਾ ਪਰਿਵਾਰਕ ਡਾਕਟਰ ਨਹੀਂ ਹੈ। ਸਾਡੀ ਯੋਜਨਾ ਤੁਹਾਨੂੰ ਇੱਕ ਡਾਕਟਰ ਦਿਵਾਏਗੀ। ਅਸੀਂ ਪੇਂਡੂ ਭਾਈਚਾਰਿਆਂ ਵਿੱਚ ਸਿਹਤ ਸੰਭਾਲ ਪ੍ਰਣਾਲੀ ਅੰਦਰ ਸਥਾਨਕ ਲੋਕਾਂ ਦੀ ਆਵਾਜ਼ ਨੂੰ ਵੀ ਬਹਾਲ ਕਰਾਂਗੇ।







